# ਚਿੱਟੇ ਪ੍ਰਛਾਵੇਂ

**(ਕਾਵਿ-ਸੰਗ੍ਰਹਿ)**

ਸ਼ਾਇਰਾਂ ਕੋਲੋਂ ਸੁਣਿਆ ਹੈ ਮੈਂ, ਇਹ ਸ਼ਾਇਰੀ ਕੋਈ ਖੇਡ ਨਈ੍ਹੀਂ,
ਬਹਿਰ-ਵਜ਼ਨ ਦੇ ਨੱਕੇ 'ਚੋਂ, ਹਰ ਸ਼ਿਅਰ ਲੰਘਾਇਆ ਜਾਂਦਾ ਹੈ ।

**– ਲੇਖਕ –**

**ਭੁਪਿੰਦਰ ਸਿੰਘ 'ਬੇਕਸ'**

**ਜਨਰਲ ਸਕੱਤਰ**

**ਕੌਮਾਂਤਰੀ ਸਾਹਿਤਕ ਮੰਚ (ਰਜਿ:)**

**# 1427/1, ਫ਼ੇਜ਼–11, ਮੋਹਾਲੀ**

**ਮੋਬਾਇਲ : 94178–69429**

**Chitte-Parchhavain**

*by*

**Bhupinder Singh Bekas**
#1427/1, Sector 65, Mohali (Pb.) India
Mobile : 94178-69429
E-Mail : bhupindersinghbekas@gmail.com

2025
Published by Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

***© 2025***
***Produced and bound in India***

***All rights reserved***

***This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.***

## ਸਮਰਪਣ

ਉਨ੍ਹਾਂ ਦੇ ਨਾਂ
ਜੋ
ਪੰਜਾਬੀ ਕਾਵਿ
ਲਈ
ਸਰਗਰਮ ਹਨ

## ਏਸ ਕਲਮ ਤੋਂ

ਮੌਲਿਕ ਗ਼ਜ਼ਲ-ਸੰਗ੍ਰਹਿ :

**ਗ਼ਜ਼ਲ ਦਾ ਅੰਬਰ-2012**

ਸੰਪਾਦਨਾ :

ਵਿਚਾਰ ਸੰਗਮ-2010
ਮਾਂ-ਬੋਲੀ ਦੀ ਮਹਿਕ-2011
ਹਰਫ਼ਾਂ ਦੀ ਪਰਵਾਜ਼-2014
ਧੁਰ-ਅੰਦਰੋਂ-2019

ਸਾਂਝੇ ਕਾਵਿ-ਸੰਗ੍ਰਹਿ :

ਮਹਿਕਦੀਆਂ ਕਲਮਾਂ-1994
ਕਾਵਿ-ਗੁਲਜ਼ਾਰ-1996
ਬੂੰਦਾ-ਬਾਂਦੀ-1997
ਸ਼ਬਦ ਗੁਰੂ-ਮਹਿਮਾ-2009
ਮਹਿਕਦੇ ਅੱਖਰ-2009
ਕਾਵਿ-ਪਰਿਕਰਮਾ-2010
ਰਾਹਨੁਮਾ-ਪਿਤਾ-2010
ਚਾਰ ਸਾਹਿਬਜ਼ਾਦੇ-2010
ਮੂੰਹੋਂ ਬੋਲਦੀਆਂ ਕਲਮਾਂ-2011
ਸੁਰਖ਼ ਸੁਨੇਹੇ-2011
ਚੋਣਵੇਂ ਪੰਜਾਬੀ ਸ਼ਿਅਰ-2011
ਕਲਮਾਂ ਦੀ ਪਰਵਾਜ਼-2012
ਮੀਰੀ-ਪੀਰੀ ਦੇ ਮਾਲਕ-2012
ਸੂਲ-ਸੁਰਾਹੀ ਕਾਵਿ-ਸੁਨੇਹੇ-2012
ਯਾਦਾਂ ਮਣਕੇ ਦੀਆਂ-2013
ਮਾਂ ਬੋਲੀ ਦੇ ਸਿਰਨਾਵੇਂ-2014
ਸ਼ਿਵਾਲਿਕ ਕਾਵਿ-ਸੁਗੰਧੀਆਂ-2016
ਪੰਜਾਬੀ ਗ਼ਜ਼ਲ ਗਲੋਬਲੀ ਸਮੀਖਿਆ-2017
ਸ੍ਰੀ ਗੁਰੂ ਅੰਗਦ ਦੇਵ ਜੀ-2019
ਮਾਂ ਦੀ ਮਮਤਾ-2024

# ਤਤਕਰਾ

## ਆਦਿਕਾ

ਪੰਨਾ ਨੰ:


* ਸਮਰਪਣ/ਏਸ ਕਲਮ ਤੋਂ......................................................III-IV
* ਤਤਕਰਾ..................................................................V-VI
* 'ਚਿੱਟੇ ਪ੍ਰਛਾਵੇਂ" ਦੀ ਸ਼ਾਇਰੀ ਦੇ ਅੰਗ-ਸੰਗ/ਡਾ: ਬਲਜੀਤ ਸਿੰਘ...........VII-IX
* ਪੰਜਾਬੀ ਗ਼ਜ਼ਲ ਦੇ ਪਿੜ ਅੰਦਰ-ਭੁਪਿੰਦਰ 'ਬੇਕਸ'/ਡਾ: ਦਵਿੰਦਰ ਸਿੰਘ ਬੋਹਾ....X
* ਕਿਰਤੀਆਂ ਦਾ ਚੇਤੰਨ ਸਾਥੀ-'ਬੇਕਸ'/ਗੁਰਨਾਮ ਕੰਵਰ..........................XI
* ਆਸ਼ਾਵਾਦੀ ਸੋਚ ਦੀ ਪ੍ਰਤੀਕ ਸ਼ਾਇਰੀ/ਡਾ: ਅਨਿਲ ਕੁਮਾਰ ਅੰਗਰਿਸ਼..........XII
* ਅਦੀਬਾਂ ਦੀ ਨਜ਼ਰ 'ਚ......................................................XIII
* ਲਾਵਾ ਫੁੱਟਿਆ ਗ਼ਜ਼ਲ ਦਾ/ਅਮਰਜੀਤ ਪਟਿਆਲਵੀ..........................IVX
* ਬਾਰੀਕ ਜ਼ਹਿਨੀਅਤ ਦਾ ਸ਼ਾਇਰ-'ਬੇਕਸ'/ਥੰਮਣ ਸਿੰਘ ਸੈਣੀ..................XV
* ਮੁੜ ਹਾਜ਼ਰ ਹਾਂ/ਭੁਪਿੰਦਰ ਸਿੰਘ 'ਬੇਕਸ'......................................XVI


## ਗ਼ਜ਼ਲਾਂ


| | | | |
|---|---|---|---|
| 1. ਕਾਲਖ ਅੰਦਰ..... | 1 | 24. ਭਾਰਤ ਦਾ... | 24 |
| 2. ਦਿਲ ਦੇ ਮਹਿਰਮ..... | 2 | 25. ਮੈਂ ਤਾਂ ਲੈ ਕੇ... | 25 |
| 3. ਦੂਤੀ ਕੁਝ..... | 3 | 26. ਮੈਂ ਲੋਕਾਂ ਦਾ... | 26 |
| 4. ਲਹਿੰਦੀ ਉਮਰੇ..... | 4 | 27. ਮਹਿੰਦੀ ਸ਼ਗਨਾਂ... | 27 |
| 5. ਮੇਰੇ ਖਵਾਬਾਂ..... | 5 | 28. ਰੱਬਾ ! ਹੈ ਡੋਰ.. | 28 |
| 6. ਅਜ਼ਲਾਂ ਤੋਂ..... | 6 | 29. ਕਿਰਤੀ ਦੀ.... | 29 |
| 7. ਅਲਵਿਦਾ ! ਸੁਣ..... | 7 | 30. ਜੇ ਸੱਚ ਤੇਰੇ... | 30 |
| 8. ਨਿਕਲਣ ਸਦਾ..... | 8 | 31. ਇਹ ਕੈਸੇ ਦੌਰ ... | 31 |
| 9. ਅੰਤਾਂ ਦੀ ਮੁਸਕਾਨ..... | 9 | 32. ਹਯਾ ਹੁਣ ਨਾ... | 32 |
| 10. ਤੇਰੇ ਫ਼ਰਜ਼ਾਂ..... | 10 | 33. ਜੋ ਵੱਡਿਆਂ... | 33 |
| 11. ਸਿੱਧੇ-ਸਾਦੇ..... | 11 | 34. ਅੰਬਰਾਂ ਨੇ ਕਿੱਕਲੀ.. | 34 |
| 12. ਮੈਂ ਅਜ਼ਲਾਂ ਤੋਂ...... | 12 | 35. ਚੋਟ ਜਿਗਰ ’ਤੇ... | 35 |
| 13. ਦੀਦ ਨੂੰ...... | 13 | 36. ਦਿਲ ਦੇ ਅੱਖਰ... | 36 |
| 14. ਦਿਲ ਦੇ ਕੇ..... | 14 | 37. ਪਾਕ-ਜਲਾਂ ਤੋਂ... | 37 |
| 15. ਜੋ ਲੋਕ ਸਮੇਂ... | 15 | 38. ਜ਼ਰਾ ਕੁਝ ਸੋਚ... | 38 |
| 16. ਮੇਰੀ ਚਾਹਤ... | 16 | 39. ਹਿੱਸੇ ਆਏ... | 39 |
| 17. ਯਾਦਾਂ ਦੀ ਸਰਦਲ... | 17 | 40. ਆਮਦ ਦੇ... | 40 |
| 18. ਦਗ਼ਾਬਾਜ਼ਾਂ ਦੀ... | 18 | 41. ਖੜਗ-ਭੁਜਾ... | 41 |
| 19. ਚਿੱਠੀਆਂ ਲਿਖ... | 19 | 42. ਖਵਾਬ ਅਧੂਰੇ... | 42 |
| 20. ਦਿਲ ਦੇ ਤਖ਼ਤ.... | 20 | 43. ਨੈਣਾਂ ਵਿੱਚ.... | 43 |
| 21. ਮੰਨਿਆ ਸੂਰਜ... | 21 | 44. ਜੀਵਨ ਵਿੱਚ... | 44 |
| 22. ਜਿਹਨਾਂ ਨੂੰ ਖ਼ਾਰ... | 22 | 45. ਲੰਘੇ ਦਿਨ... | 45 |
| 23. ਜਦ ਤੱਕ ਇਹ... | 23 | 46. ਹੈ ਧੜਕਣਾਂ ’ਚ... | 46 |

47. ਇੱਕ ਕਾਮਲ.... 47
48. ਮਾਪਿਆਂ ਦੀ... 48
49. ਪਿੰਗਲ ਦੇ... 49
50. ਸੋਚ ਉਸਾਰੂ.... 50
51. ਦੁਨੀਆ ਉਂਤੇ..... 51
52. ਆਲਸ ਛੱਡ.... 52
53. ਖੰਭ ਮੋਮ ਦੇ.... 53
54. ਮੇਰਾ ਇਹ.... 54
55. ਆਪਣੀ ਹਰ.... 55
56. ਸੰਜਮ ਅਤੇ.... 56
57. ਫਿਤਰਤ ਹੈ.... 57
58. ਤੂੰ ਨਾਰ ਬੜੀ.... 58
59. ਕਿ ਅਪਣੀ ਸੋਚ.... 59
60. ਤੇਰੀ ਰਵਾਨੀ.... 60
61. ਕੋਈ ਦੋਸ਼..... 61
62. ਤੂੰ ਦਿਲ ਲੁੱਟਿਆ.... 62
63. ਸੱਥਾਂ ਦਾ.... 63
64. ਏਥੇ ਠੀਕ.... 64
65. ਅੱਖੀਆਂ ਵਿਚ.... 65
66. ਸੀ.ਸੀ.ਯੂ.... 66
67. ਜ਼ਮਾਨੇ ਦਿਲਜਲੋਂ.... 67
68. ਚਾਂਦ ਔਰ.... 68
69. ਔਖੀ ਘਾਟੀ.... 69
70. ਵਫ਼ਾ ਬਦਲੇ.... 70

## ਕਵਿਤਾਵਾਂ

71. ਸਾਵਣ ਰੁੱਤ.... 71
72. ਏਹ ਕੇਹੀ ਰੁੱਤ.... 73
73. ਕਾਮਿਆਂ ਦਾ ਸਫ਼ੀਰ.... 75
74. ਇਜ਼ਹਾਰ.... 77
75. ਡਰ, ਜੁਝਾਰੂ, ਘੋਰ-ਅਪਮਾਨ 79
76. ਭਾਲ, ਹਕੀਕਤ, ਤਕਰਾਰ 80
77. ਰੁੱਖ, ਮਨੁੱਖ ਤੇ ਪਾਣੀ 81

## ਗੀਤ

78. ਹਰ ਭਾਸ਼ਾ.... 83
79. ਅਸੀਂ ਪੰਜਾਬੀ.... 84
80. ਯੁੱਗਾਂ ਤੋਂ ਮਾਪੇ.... 85
81. ਹਰ ਪਲ ਬੱਚਿਆਂ.... 86
82. ਮਸਲੇ ਆਪਾਂ ਬਹਿ.... 87
83. ਸਾਰੇ ਜੱਗ ਵਿੱਚ.... 88
84. ਲਹੂ ਸ਼ਹੀਦਾਂ ਦੇ.... 89
85. ਭਾਰਤ ਮਾਂ ਦੇ.... 90
86. ਸਾਉਣ ਦੇ ਮਹੀਨੇ.... 91
87. ਰੱਬ ਦੀ ਸਹੁੰ..... 92
88. ਦਿਲਵਾਲੇ.... 93

## ਟੱਪੇ

89. 95-96

ਮੁੱਖ ਬੰਦ

# 'ਚਿੱਟੇ ਪ੍ਰਛਾਵੇਂ' ਦੀ ਸ਼ਾਇਰੀ ਦੇ ਅੰਗ-ਸੰਗ

ਭੁਪਿੰਦਰ ਸਿੰਘ 'ਬੇਕਸ' ਪੰਜਾਬੀ ਦਾ ਨਾਮਵਰ ਸ਼ਾਇਰ ਹੈ। ਉਸਦੀ ਸ਼ਾਇਰੀ ਪਾਠਕ ਤੇ ਸਰੋਤੇ ਨੂੰ ਕਾਵਿਕ-ਹੁਲਾਰਾ ਦਿੰਦੀ ਹੈ, ਬੇਚੈਨ ਕਰਦੀ ਹੈ, ਪਾਠਕ ਦੀ ਚੇਤਨਾ ਨੂੰ ਹਲੂਣਾ ਦਿੰਦੀ ਹੈ ਤੇ ਲਤਾੜੀ ਜਾਂਦੀ ਖਲਕਤ ਦੀ ਵੇਦਨਾ ਨੂੰ ਸ਼ਬਦ ਪ੍ਰਦਾਨ ਕਰਦੀ ਹੈ। 'ਬੇਕਸ' ਦੀ ਸ਼ਾਇਰੀ ਲੋਕਾਂ ਦੀ ਧਿਰ ਬਣ ਕੇ ਸੰਘਰਸ਼ ਦਾ ਪੈਗ਼ਾਮ ਦਿੰਦੀ ਹੈ। ਸ਼ਾਇਰ ਜੀਵਨ ਦੇ ਯਥਾਰਥ ਵਿਚੋਂ ਪ੍ਰਾਪਤ ਹੋਏ ਦਰਦ ਨੂੰ ਸ਼ਬਦਾਂ ਵਿੱਚ ਰੂਪਮਾਨ ਕਰਨ ਦੀ ਕਲਾ ਵਿਚ ਵੀ ਨਿਪੁੰਨ ਹੈ।

'ਚਿੱਟੇ ਪ੍ਰਛਾਵੇਂ' ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਭੁਪਿੰਦਰ 'ਬੇਕਸ' ਦੀ ਸ਼ਾਇਰੀ ਨੂੰ ਹੋਰ ਬੁਲੰਦੀ ਹਾਸਲ ਹੋਈ ਹੈ। ਸ਼ਾਇਰ ਸ਼ਬਦ-ਸਮੁੰਦਰ 'ਚੋਂ ਅਮੋਲਕ ਸ਼ਬਦਾਂ ਨੂੰ ਚੁਣ ਕੇ ਸੁਰਤਾਲ ਦੀ ਕਸਵੱਟੀ 'ਤੇ ਪਰਖ ਕੇ ਹੱਡੀਂ-ਹੰਢਾਏ ਅਨੁਭਵ ਨੂੰ ਕਲਮਬੱਧ ਕਰਦਾ ਹੈ, ਇਹ ਨਿੱਜੀ-ਅਨੁਭਵ ਸਮੁੱਚੀ ਮਨੁੱਖਤਾ ਦਾ ਅਨੁਭਵ ਬਣ, ਸੁਹਜ ਤੇ ਸੁਆਦ ਨੂੰ ਪ੍ਰਬਲ ਕਰਦਾ ਹੈ। 'ਬੇਕਸ' ਦੀ ਸ਼ਾਇਰੀ ਦਾ ਅਧਿਐਨ ਇਹ ਅਹਿਸਾਸ ਕਰਾਉਂਦਾ ਹੈ ਕਿ ਸ਼ਾਇਰ ਗ਼ਜ਼ਲ ਦੇ ਸਿਰਜਣਾ-ਸਿਧਾਂਤ ਤੋਂ ਵਾਕਿਫ਼ ਹੈ। ਉਸ ਨੇ ਉਸਤਾਦ ਸ਼ਾਇਰਾਂ ਦੀ ਸੰਗਤ ਮਾਣੀ ਹੈ ਅਤੇ ਆਪਣੀ ਗ਼ਜ਼ਲ ਨੂੰ ਕਲਾਤਮਕ ਪੱਖੋਂ ਸ਼ਿੰਗਾਰਿਆ ਹੈ। ਕਾਮਲ ਮੁਰਸ਼ਦ ਦੇ ਅਸ਼ੀਰਵਾਦ ਸਦਕਾ 'ਬੇਕਸ' ਦੀ ਸ਼ਾਇਰੀ ਵਿੱਚ ਸੁਹਜ ਪੈਦਾ ਹੋਇਆ ਹੈ-

-ਇੱਕ ਕਾਮਲ ਮੁਰਸ਼ਦ ਨੇ ਮੇਰੇ, ਸਿਰ ਉਂਤੇ ਹੱਥ ਧਰਿਆ ਹੈ।
ਜਿਸ ਦੇ ਸਦਕਾ ਹੀ ਮੈਂ ਇਹ, ਕਾਵਿ ਦਾ ਸਾਗਰ ਤਰਿਆ ਹੈ।

'ਬੇਕਸ' ਦੀ ਸ਼ਾਇਰੀ ਦਾ ਆਧਾਰ ਮੱਧਕਾਲੀ ਸਾਹਿਤ-ਦਰਸ਼ਨ ਹੈ। ਉਹ ਗੁਰਮਤਿ, ਸਿੱਖ ਸਿਧਾਂਤ ਅਤੇ ਇਤਿਹਾਸ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੈ, ਜਿਸ ਕਰਕੇ ਉਸਦੀ ਸ਼ਾਇਰੀ ਵਿੱਚ ਇਤਿਹਾਸ ਤੇ ਸਿਧਾਂਤ ਦੀ ਪੇਸ਼ਕਾਰੀ ਹੋਈ ਹੈ-

-ਕਿ ਜ਼ਾਲਮ ਸਾਹਵੇਂ ਅੜਦੇ ਹਾਂ, ਤੇ ਸੀਨਾ ਤਾਣ ਖੜ੍ਹਦੇ ਹਾਂ,
ਇਹ ਦੇਖੋ ਫੋਲ ਕੇ ਵਰਕੇ, ਇਹੋ ਸਾਡੀ ਵਿਰਾਸਤ ਹੈ।
-ਨਾਨਕ-ਦਰ ਦੇ ਸੰਗ ਜੁੜ ਕੇ, ਇਹ ਬੱਝੀ ਆਸ ਹੈ 'ਬੇਕਸ',
ਭਾਵੇਂ ਮੈਂ ਇੱਕ ਪੱਥਰ ਹਾਂ, ਇਹ ਸੰਭਵ ਹੈ ਕਿ ਤਰ ਜਾਵਾਂ।

'ਬੇਕਸ' ਦੀ ਸ਼ਾਇਰੀ 'ਤੇ ਸੂਫ਼ੀ ਤੇ ਕਿੱਸਾ ਕਾਵਿਧਾਰਾ ਦਾ ਪ੍ਰਭਾਵ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਸ਼ਾਇਰ ਦੀ ਕਲਮ ਇਸ਼ਕ-ਹਕੀਕੀ ਤੇ ਇਸ਼ਕ-ਮਿਜ਼ਾਜੀ ਦੇ ਅਨੁਭਵਾਂ ਨੂੰ ਪੁਨਰ-ਸਿਰਜਤ ਕਰਦੀ ਹੈ ਅਤੇ ਇੱਕੀਵੀਂ ਸਦੀ ਵਿੱਚ ਮੱਧਕਾਲੀ ਸਾਹਿਤ, ਦਰਸ਼ਨ ਤੇ ਸਭਿਆਚਾਰ ਨੂੰ ਮੌਲਿਕ ਕਾਵਿ-ਸ਼ੈਲੀ ਰਾਹੀਂ ਰੂਪਮਾਨ ਕਰਦੀ ਹੋਈ, ਰੂਹ ਤੇ ਸਰੀਰ ਦੇ ਰਿਸ਼ਤਿਆਂ ਵਿੱਚ ਪਵਿੱਤਰਤਾ ਦੀ ਤਰਜਮਾਨੀ ਕਰਦੀ ਹੈ-

-ਵਾਰਿਸ-ਬੁੱਲ੍ਹਾ-ਪੀਲੂ, ਕਾਦਰ ਯਾਰ ਅਸਾਡਾ ਹੈ।
ਸਿਰਜ ਗਏ ਜੋ ਮਿਲ ਕੇ, ਸਭਿਆਚਾਰ ਅਸਾਡਾ ਹੈ।
-ਨਾ ਹਾਰਣ ਦਾ ਕੋਈ ਝੋਰਾ, ਨਾ ਜਿੱਤਣ ਦਾ ਹੈ ਚਾਅ ਮੈਨੂੰ,
ਕਿ ਇਹ ਹੈ ਖੇਡ ਪ੍ਰੀਤਾਂ ਦੀ, ਮੈਂ ਜਿੱਤਾਂ ਜਾਂ ਕਿ ਹਰ ਜਾਵਾਂ।

–ਹਯਾ ਹੁਣ ਨਾ ਰਹੀ ਪਹਿਲੀ, ਤੇ ਨਾ ਪਹਿਲੀ ਨਜ਼ਾਕਤ ਹੈ।
ਵਫ਼ਾ ਤੋਂ ਕੋਰੀਆਂ ਹੀਰਾਂ, ਤੇ ਸੋਚਾਂ ਵਿੱਚ ਤਜਾਰਤ ਹੈ।

ਭੁਪਿੰਦਰ 'ਬੇਕਸ' ਦੀ ਸ਼ਾਇਰੀ ਵਿੱਚ ਵਸਲ ਦੇ ਅਨੁਭਵ ਨਾਲੋਂ ਬਿਰਹਾ ਦੀ ਕਸਕ ਵਧੇਰੇ ਹੈ। ਬਿਰਹਾ ਦੀ ਪੀੜ ਹੀ ਉਸ ਦੀ ਸ਼ਾਇਰੀ ਦਾ ਪ੍ਰੇਰਨਾ-ਸਰੋਤ ਬਣਦੀ ਹੈ। ਬਾਬਾ ਫ਼ਰੀਦ ਬਿਰਹਾ ਨੂੰ ਸੁਲਤਾਨ ਕਹਿੰਦਾ ਹੈ। ਬਿਰਹਾ ਤੋਂ ਬਿਨਾਂ ਮੁਹੱਬਤ ਸਿਖਰ 'ਤੇ ਨਹੀਂ ਪਹੁੰਚਦੀ। ਹਾਸ਼ਮ ਦੀ 'ਸੱਸੀ' ਵਿੱਚ ਬਿਰਹਾ ਚਰਮ ਸੀਮਾ 'ਤੇ ਹੈ। 'ਬੇਕਸ' ਦੀ ਸ਼ਾਇਰੀ ਵੀ ਬਿਰਹਾ ਦੇ ਕੌੜੇ-ਕੁਸੈਲੇ ਅਨੁਭਵਾਂ ਨੂੰ ਭਾਵਪੂਰਨ ਰੂਪ ਵਿੱਚ ਉਜਾਗਰ ਕਰਦੀ ਹੈ–

– ਮੈਨੂੰ ਜੋਬਨ ਵੱਢ ਵੱਢ ਖਾਂਦਾ ਵੇ, ਇੱਕ ਪਲ ਵੀ ਚੈਨ ਨਾ ਆਂਦਾ ਵੇ,
ਇਸ ਝੜੀ ਸਾਉਣ ਦੀ ਚੰਦਰੀ ਨੇ, ਹਿਜਰਾਂ ਦੀ ਅੱਗ ਭੜਕਾਈ ਹੈ।
–ਇਨ੍ਹਾਂ ਦੀਦ ਪਿਆਸੇ ਨੈਣਾਂ ਨੂੰ, ਜਦ ਦੀਦ ਸੱਜਣ ਦੀ ਹੁੰਦੀ ਨਹੀਂ,
ਬਿਹਬਲ ਹੋ ਵਾਂਗ ਸ਼ੁਦਾਈਆਂ ਦੇ, ਫਿਰ ਬਿਰਹਾ ਗਾਇਆ ਜਾਂਦਾ ਹੈ।
–ਉੱਤਲੇ ਪਾਣੀ ਤੈਰਣ ਜੋ ਉਹ, ਪਰਤਣ ਖਾਲੀ ਹੱਥ ਸਦਾ,
ਸੁੱਚੇ-ਮੋਤੀ ਲੱਭਣ ਲਈ ਮੈਂ, ਸਾਗਰ ਡੂੰਘੇ ਰੋਜ਼ ਤਰਾਂ।

ਭੁਪਿੰਦਰ ਸਿੰਘ 'ਬੇਕਸ' ਦੀ ਸ਼ਾਇਰੀ ਲੋਕਾਈ ਦੇ ਦਰਦਾਂ ਨੂੰ ਸ਼ਬਦ ਪ੍ਰਦਾਨ ਕਰਦੀ ਹੈ। ਉਹ ਸਮਾਜਿਕ ਤੇ ਆਰਥਿਕ ਨਾਬਰਾਬਰੀ ਦੀ ਚੱਕੀ ਵਿੱਚ ਪਿਸ ਰਹੀ ਲੋਕਾਈ ਦੀ ਤ੍ਰਾਸਦੀ ਲਈ ਜਿਥੇ ਭ੍ਰਿਸ਼ਟ-ਤੰਤਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਉਥੇ ਲੋਕਾਈ ਨੂੰ ਆਪਣੇ ਹੱਕਾਂ, ਕਰਤੱਵਾਂ ਤੇ ਸੰਘਰਸ਼ ਪ੍ਰਤੀ ਸੁਚੇਤ ਵੀ ਕਰਦਾ ਹੈ। ਸ਼ਾਇਰ ਮਜ਼ਲੂਮਾਂ ਦੇ ਸ਼ੋਸ਼ਣ ਨੂੰ ਕਲਮਬੱਧ ਕਰਦਾ ਹੈ ਅਤੇ ਆਪਣੇ ਸ਼ਿਅਰਾਂ ਰਾਹੀਂ ਚੇਤਨਾ ਦਾ ਹੋਕਾ ਦਿੰਦਾ ਹੈ–

–ਇਹ ਮਾਣਸ-ਖਾਣੇ ਬੰਦੇ ਜੋ, ਪਏ ਮਜ਼ਲੂਮ ਨੂੰ ਚੂੰਡ ਰਹੇ,
ਸਦੀਆਂ ਤੋਂ ਚਲਦੀਆਂ ਰੀਤਾਂ ਨੂੰ, ਅਸੀਂ ਹਰ ਹੀਲੇ ਦਫਨਾਵਾਂਗੇ।
–ਚੇਤਨਤਾ ਤੋਂ ਹੀਣਾ ਕਾਮਾ,
ਹੁੰਦਾ ਸਦਾ ਖੁਆਰ ਰਹੇਗਾ।

ਰਾਜਸੀ ਨੇਤਾ 'ਸੱਤਾ' ਹਥਿਆਉਣ ਲਈ ਹਰ ਹਰਬਾ ਵਰਤਦੇ ਹਨ ਤੇ ਲੋਕ ਵੀ ਝੂਠੇ ਵਾਅਦਿਆਂ ਦੇ ਝਾਂਸੇ ਵਿੱਚ ਆ ਜਾਂਦੇ ਹਨ। ਰਾਜ-ਸੱਤਾ ਹਾਸਲ ਕਰਨ ਉਪਰੰਤ ਹਾਕਮ ਵਾਅਦੇ-ਭੁਲਾ ਲੋਕਾਂ ਨੂੰ ਲੁੱਟਣ ਦੇ ਨਵੇਂ ਹੱਥ-ਕੰਡੇ ਅਪਣਾ ਲੈਂਦੇ ਹਨ। ਹੱਥਲੇ ਕਾਵਿ-ਸੰਗ੍ਰਹਿ ਦਾ ਸ਼ਾਇਰ 'ਬੇਕਸ' ਰਾਜਸੀ ਨੇਤਾਵਾਂ ਦੇ ਦੋਗਲੇ ਕਿਰਦਾਰ ਤੋਂ ਪਰਦਾ ਲਾਹੁੰਦਾ ਹੋਇਆ, ਨਪੀੜੀ ਖਲਕਤ ਨੂੰ ਇੱਕ-ਮੁੱਠ ਕਰਨਾ ਚਾਹੁੰਦਾ ਹੈ ਤਾਂ ਕਿ ਲੋਟੂ-ਹਾਕਮ ਨੂੰ ਢੁੱਕਵੀਂ ਸਜ਼ਾ ਦਿੱਤੀ ਜਾ ਸਕੇ–

–ਕਿ ਲਾਉਂਦਾ ਰੋਜ਼ ਜੋ ਲਾਰੇ, ਨਿਭਾਵੇ ਕੌਲ਼ ਨਾ ਅਪਣੇ,
ਆਓ ! ਇੱਕ-ਮੁੱਠ ਹੋ ਸਾਰੇ, ਕਿ ਹਾਕਮ ਨੂੰ ਸਜ਼ਾ ਦਈਏ।

ਭੁਪਿੰਦਰ 'ਬੇਕਸ' ਸਮਕਾਲੀ ਯਥਾਰਥ ਤੋਂ ਭਲ਼ੀ-ਭਾਂਤ ਵਾਕਿਫ਼ ਹੈ, ਉਹ ਸਮੂਹਿਕ ਚੇਤਨਾ ਤੇ ਸੰਘਰਸ਼ ਰਾਹੀਂ ਅਣ-ਸੁਖਾਵੀਂ ਸਥਿਤੀ ਨੂੰ ਬਦਲਣ ਲਈ ਲੋਕਾਂ ਨੂੰ ਪ੍ਰੇਰਿਤ ਵੀ ਕਰਦਾ ਹੈ। ਉਸਦੀ ਸ਼ਾਇਰੀ ਵਿੱਚ ਕਿਤੇ ਵੀ ਕਿਸਮਤਵਾਦ ਤੇ ਨਾਂਹ-ਪੱਖੀ ਵਿਚਾਰ

ਨਹੀਂ ਹਨ ਬਲਕਿ ਉਹ ਤਾਂ ਨਿੱਜੀ ਦੁੱਖਾਂ ਤੋ ਉਪਰ ਉ~ਠ ਕੇ ਲੋਕਾਂ ਦੇ ਦਰਦ ਨੂੰ ਵੰਡਾਉਂਦਾ ਹੋਇਆ ਆਖਦਾ ਹੈ–

–ਮੈਂ ਲੋਕਾਂ ਦਾ ਸ਼ਾਇਰ ਹਾਂ, ਲੋਕਾਂ ਦੇ ਦਰਦ ਵੰਡਾਉਂਦਾ ਹਾਂ ।
ਗੀਤ ਹੋਵੇ ਜਾਂ ਗ਼ਜ਼ਲ ਕੋਈ, ਮਹਿਫ਼ਲ ਦੇ ਵਿੱਚ ਗਾਉਂਦਾ ਹਾਂ ।

ਭੁਪਿੰਦਰ 'ਬੇਕਸ' ਦੀ ਸ਼ਾਇਰੀ ਵਿੱਚ ਪੰਜਾਬੀ ਮਾਂ-ਬੋਲੀ ਪ੍ਰਤੀ ਅਥਾਹ-ਪ੍ਰੇਮ ਤੇ ਸਤਿਕਾਰ ਪ੍ਰਗਟ ਹੁੰਦਾ ਹੈ । ਗੁਰੂ ਸਾਹਿਬਾਨਾਂ, ਸੂਫ਼ੀ ਫ਼ਕੀਰਾਂ, ਕਿੱਸੇਕਾਰਾਂ, ਗੌਲੇ-ਅਣਗੌਲੇ ਸਾਹਿਤਕਾਰਾਂ ਦੀ ਮਨਮੋਹਕ ਬੋਲੀ 'ਪੰਜਾਬੀ' ਆਪਣੇ ਵਾਰਸਾਂ ਦੀ ਬੇਰੁਖੀ ਅਤੇ ਸਰਕਾਰਾਂ ਦੀਆਂ ਮਾਰੂ-ਨੀਤੀਆਂ ਕਾਰਨ ਸਨਮਾਨਯੋਗ ਰੁਤਬਾ ਹਾਸਲ ਨਹੀਂ ਕਰ ਸਕੀ, ਜਿਸ ਦੀ ਉਹ ਹੱਕਦਾਰ ਹੈ । ਸ਼ਾਇਰ ਪੰਜਾਬੀ ਦੀ ਸਮਕਾਲੀ ਸਥਿਤੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੰਜਾਬੀਆਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਕਰਦਾ ਹੋਇਆ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ–

–ਕਿ ਮਾਂ-ਬੋਲੀ ਪੰਜਾਬੀ ਲਈ, ਸਾਡੇ ਸੰਘਰਸ਼ ਜਾਰੀ ਨੇ,
ਨਾ ਰੁੱਤਬਾ ਦੇਂਵਦੇ ਹਾਕਮ, ਨਾ ਮੰਨਦੇ ਹਾਰ ਹਾਂ ਆਪਾਂ ।

ਮੁੱਢਲੇ ਦੌਰ ਵਿੱਚ ਗ਼ਜ਼ਲ ਦਾ ਵਿਸ਼ਾ-ਵਸਤੂ ਸੀਮਤ ਸੀ ਪਰ ਅਜੋਕੇ ਸਮੇਂ ਵਿੱਚ ਗ਼ਜ਼ਲ ਵਿਸ਼ੇ ਦੀ ਬੰਦਿਸ਼ ਨੂੰ ਤੋੜ ਸਮੁੱਚੇ ਮਸਲਿਆਂ ਨੂੰ ਗੰਭੀਰਤਾ ਨਾਲ ਉਘਾੜਨ ਦੇ ਸਮਰੱਥ ਹੋ ਗਈ ਹੈ, ਤਾਂ ਹੀ ਤਾਂ 'ਬੇਕਸ' ਕਹਿੰਦਾ ਹੈ ਕਿ–

–ਦੁਨੀਆ ਭਰ ਦਾ ਹਰ ਇਕ ਮਸਲਾ,
ਗ਼ਜ਼ਲ ਪਈ ਹੈ ਅੱਜ ਉਠਾਉਂਦੀ ।

ਸਮੁੱਚੇ ਤੌਰ 'ਤੇ ਭੁਪਿੰਦਰ 'ਬੇਕਸ' ਦੀ ਸ਼ਾਇਰੀ ਲੋਕ-ਵੇਦਨਾ ਨੂੰ ਕਾਵਿਕ-ਛੋਹਾਂ ਰਾਹੀਂ ਚਿਤਰਿਤ ਕਰਦੀ ਹੈ ਅਤੇ ਜਾਗ੍ਰਤੀ ਦੀ ਮਸ਼ਾਲ ਫੜ੍ਹ ਅਗਿਆਨਤਾ ਦੀ ਦਲਦਲ ਵਿੱਚ ਫਸੀ ਲੋਕਾਈ ਦਾ ਰਾਹ ਰੁਸ਼ਨਾਉਂਦੀ ਹੈ । ਲੋਕ-ਸ਼ਾਇਰ ਦੀ ਭਾਸ਼ਾ ਸਰਲ ਹੁੰਦੀ ਹੈ ਤਾਂ ਜੋ ਜਨ-ਸਾਧਾਰਨ ਨੂੰ ਉਸ ਦੀ ਗੱਲ ਸਮਝ ਆ ਜਾਵੇ ਅਤੇ ਸ਼ਾਇਰ ਦਾ ਰਚਨਾ-ਮਨੋਰਥ ਪੂਰਾ ਹੋ ਜਾਵੇ । ਜੇਕਰ ਭਾਸ਼ਾ, ਸ਼ਬਦਾਵਲੀ ਅਤੇ ਅੰਦਾਜ਼-ਏ-ਬਿਆਨ ਗੁੰਝਲਦਾਰ ਅਤੇ ਬੋਝਲ ਹੋਵੇ ਤਾਂ ਸ਼ਾਇਰ ਦੀ ਸ਼ਾਇਰੀ ਦਾ ਦਾਇਰਾ ਸੀਮਤ ਹੋ ਜਾਂਦਾ ਹੈ । ਜਨ-ਸਾਧਾਰਨ ਦੀ ਪਕੜ ਤੋਂ ਬਾਹਰੀ ਸ਼ਾਇਰੀ ਲੋਕ-ਲਹਿਰ ਨਹੀਂ ਪੈਦਾ ਕਰ ਸਕਦੀ । ਭੁਪਿੰਦਰ 'ਬੇਕਸ' ਦੀ ਸ਼ਾਇਰੀ ਜਨ-ਸਾਧਾਰਨ ਦੇ ਜੀਵਨ ਦੇ ਵਿਭਿੰਨ ਪਹਿਲੂਆਂ 'ਤੇ ਕੇਂਦਰਿਤ ਹੈ, ਇਸ ਕਰਕੇ 'ਬੇਕਸ' ਲੋਕ-ਸ਼ਾਇਰ ਹੋਣ ਦੀ ਸਾਰੀ ਯੋਗਤਾ ਰਖਦਾ ਹੈ । ਕਾਵਿਕ-ਆਨੰਦ ਦੇ ਨਾਲ ਰੂਹ ਨੂੰ ਹਲੂਣ ਕੇ ਯਥਾਰਥ ਦੀ ਤਸਵੀਰ ਪੇਸ਼ ਕਰਨਾ ਸਾਹਿਤਕਾਰ ਦਾ ਅਹਿਮ ਫਰਜ਼ ਹੁੰਦਾ ਹੈ । ਭੁਪਿੰਦਰ 'ਬੇਕਸ' ਨੇ ਆਪਣੇ ਸਾਹਿਤਕ-ਫਰਜ਼ ਨੂੰ ਸੰਵੇਦਨਾ ਤੇ ਜਨੂੰਨ ਨਾਲ ਨਿਭਾਇਆ ਹੈ । ਉਮੀਦ ਹੈ ਕਿ ਪੰਜਾਬੀ ਪਾਠਕ ਵਰਗ 'ਬੇਕਸ' ਦੀ ਸ਼ਾਇਰੀ ਨੂੰ ਭਰਪੂਰ ਹੁੰਗਾਰਾ ਦੇਵੇਗਾ ।

–ਡਾ: ਬਲਜੀਤ ਸਿੰਘ
98551-08977

13 ਫਰਵਰੀ, 2024

# ਪੰਜਾਬੀ ਗ਼ਜ਼ਲ ਦੇ ਪਿੜ ਅੰਦਰ-ਭੁਪਿੰਦਰ 'ਬੇਕਸ'

ਪੰਜਾਬੀ ਗ਼ਜ਼ਲ ਦੇ ਪਿੜ ਅੰਦਰ ਭੁਪਿੰਦਰ ਸਿੰਘ 'ਬੇਕਸ' ਗ਼ਜ਼ਲ ਦੀਆਂ ਬਾਰੀਕ ਤੰਦਾਂ ਨੂੰ ਸਮਝਣ ਵਾਲਾ ਗੌਲਣਯੋਗ ਸ਼ਾਇਰ ਹੈ। ਭਾਵੇਂ ਕਿ ਇਸ ਸ਼ਾਇਰ ਨੇ ਬਹੁਤ ਘੱਟ ਲਿਖਿਆ ਅਤੇ ਘੱਟ ਛਪਾਇਆ ਹੈ, ਲੇਕਿਨ ਜਿੰਨਾ ਵੀ ਲਿਖਿਆ ਹੈ ਉਹ ਬਹੁਤ ਅਰਥ ਭਰਪੂਰ, ਤਰਕ ਆਧਾਰਿਤ ਅਤੇ ਲੋਕਾਈ ਦੇ ਨੇੜੇ ਰਹਿ ਕੇ ਲਿਖਿਆ ਹੈ। ਬੇਕਸ ਸਮਕਾਲੀ ਯਥਾਰਥ ਦੀਆਂ ਨਬਜ਼ਾਂ ਨੂੰ ਆਪਣੀ ਸ਼ਾਇਰੀ ਅੰਦਰ ਟੋਂਹਦਾ ਅਤੇ ਸਮੇਂ ਦੇ ਅਕਸ ਨੂੰ ਉਭਾਰਦਾ ਇਸ ਪ੍ਰਤੀ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਕਰਦਾ ਹੈ। ਉਸ ਦੀ ਸ਼ਾਇਰੀ ਲੋਕ ਧਰਾਤਲ ਦੇ ਨੇੜੇ ਵਿਚਰਦੀ ਲੋਕ ਮਸਲਿਆਂ ਨੂੰ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਲੋਅ ਰਾਹੀਂ ਮੁਖ਼ਾਤਿਬ ਦਿਖਾਈ ਦਿੰਦੀ ਹੈ। ਇਸ ਦੇ ਸ਼ਿਅਰ ਗੁਰੂ ਨਾਨਕ ਦੀ ਧਿਰਬੰਦੀ ਵਿੱਚੋਂ ਆਪਣੇ ਨੈਣ-ਨਕਸ਼ ਸੰਵਾਰਦੇ ਹੋਏ ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਦੀ ਵਿਚਾਰਧਾਰਾ ਦਾ ਪੱਲਾ ਫੜ੍ਹ ਲੋਕਾਈ ਦਾ ਝੰਡਾ ਬਰਦਾਰ ਬਣਨ ਦਾ ਹੋਕਾ ਸਿਰਜਦੇ ਹਨ। ਇਹ ਸ਼ਾਇਰੀ ਸਥਾਨਕ ਮੂਲ ਵਿਧਾਨ, ਧਾਰਮਿਕ, ਆਰਥਿਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ ਮਨੁੱਖੀ ਵਿਸੰਗਤੀਆਂ ਨੂੰ ਮੁਖ਼ਾਤਿਬ ਹੁੰਦਿਆਂ ਸਮਾਜ ਦੋਖੀ ਵਰਤਾਰਿਆਂ ਨੂੰ ਕਾਂਟੇ ਹੇਠ ਰੱਖਦੀ ਹੈ। ਭਾਵੇਂ ਕਿ ਇਹ ਸ਼ਾਇਰੀ ਕਿਸੇ ਇਨਕਲਾਬ ਵੱਲ ਤਾਂ ਨਹੀਂ ਅਹੁਲਦੀ ਲੇਕਿਨ ਇਹ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਪਾਲੇ ਵਿੱਚ ਖੜ੍ਹਦਿਆਂ ਲੋਕ ਚੇਤਨਾ ਨੂੰ ਪ੍ਰਚੰਡ ਜ਼ਰੂਰ ਕਰਦੀ ਹੈ। ਇਸ ਸ਼ਾਇਰੀ ਦਾ ਇਹ ਵੀ ਖ਼ੂਬਸੂਰਤ ਪੱਖ ਹੈ ਕਿ ਇਹ ਸਦੀਆਂ ਤੋਂ ਤ੍ਰਾਸਦਿਕ ਜੀਵਨ ਯਥਾਰਥ ਦੀ ਭੋਗਣਹਾਰ ਲੋਕਾਈ ਦੇ ਦੁੱਖਾਂ-ਦਰਦਾਂ ਦਾ ਸੀਰੀ ਬਣ ਕੇ ਮਾਨਵਵਾਦੀ ਕੋਣ ਤੋਂ ਮਨੁੱਖੀ ਹੱਕ ਸੱਚ ਲਈ ਪਹਿਰਾ ਦੇਣ ਦੀ ਪਹਿਲਕਦਮੀ ਕਰਦੀ ਹੈ। ਸਮਕਾਲੀ ਯਥਾਰਥ ਨੂੰ ਬਾਰੀਕੀ ਨਾਲ ਫੜਦਿਆਂ ਇਹ ਜ਼ਿੰਮੇਵਾਰ ਧਿਰਾਂ ਸਿਰ ਉਂਗਲ ਧਰਦੀ ਮਾਨਵੀ ਹੱਕਾਂ ਦਾ ਪੱਖ ਵਧੇਰੇ ਪਾਰਦਰਸ਼ੀ ਹੋ ਕੇ ਪੂਰਦੀ ਦਿਖਾਈ ਦਿੰਦੀ ਹੈ। ਅਸਾਵੀਂ ਵੰਡ ਦੇ ਖਾਤਮੇ ਲਈ ਮਨੁੱਖੀ ਬਰਾਬਰਤਾ ਲਈ ਵਧੇਰੇ ਗੰਭੀਰਤਾ ਨਾਲ ਨਿਭਣ ਦਾ ਜ਼ਿੰਮਾ ਚੁੱਕਦੀ ਹੈ। ਇਸ ਸ਼ਾਇਰੀ ਦਾ ਇਹ ਵੀ ਹਾਸਿਲ ਹੈ ਕਿ ਗ਼ਜ਼ਲ ਦੇ ਨੇਮ ਵਿਧਾਨ ਵਿੱਚ ਬੱਝ ਸੱਜਰੇ ਨਵੇਂ ਖ਼ਿਆਲ, ਵਿਚਾਰ, ਬਿੰਬ, ਪ੍ਰਤੀਕ ਆਦਿ ਰਾਹੀਂ ਆਪਣੀ ਸਰਲਤਾ ਸਾਦਗੀ ਦਾ ਪੱਲਾ ਨਹੀਂ ਤਿਆਗਦੀ ਬਲਕਿ ਇਸੇ ਵਿੱਚ ਆਪਣੇ ਸ਼ਿਅਰਾਂ ਦੀ ਖ਼ੂਬਸੂਰਤੀ ਉਘਾੜਦੀ ਹੈ :

-ਸਿੱਧੇ-ਸਾਦੇ ਸ਼ਬਦਾਂ ਦੇ ਵਿੱਚ, ਸ਼ਿਅਰਾਂ ਵਿੱਚ ਪਰਵਾਜ਼ ਭਰਾਂ।
ਪੀੜਾਂ ਮਾਰੇ ਲੋਕਾਂ ਸਿਰ ਮੈਂ, ਨਾ ਬੇਲੋੜਾ ਭਾਰ ਧਰਾਂ।

ਇਸ ਸ਼ਾਇਰੀ ਦਾ ਸੁਭਾਅ ਲੋਕ-ਮੁਖਤਾ ਵਾਲਾ ਹੋਣ ਕਰਕੇ ਇਹ ਜਮਾਤੀ ਹੱਕਾਂ ਲਈ ਵਿਰੋਧੀਆ ਨਾਲ ਟੱਕਰਣ ਵਿੱਚ ਨਵੇਂ ਵਿਸ਼ਵਾਸ ਦੀ ਜਾਮਨ ਬਣਨ ਦਾ ਸੁਨੇਹਾ ਸਿਰਜਦੀ ਹੈ।

-ਮੰਨਿਆ ਸੂਰਜ ਇੱਕ ਹਸਤੀ ਹੈ, ਪਰ ਉਸ ਨਾਲ ਮੱਥਾ ਲਾਵਾਂਗੇ।
ਅਸੀਂ ਲੋਕ ਲਹਿਰ ਦੀ ਡੱਫਲੀ 'ਤੇ, ਸੂਰਜ ਨੂੰ ਨਾਚ ਨਚਾਵਾਂਗੇ।

ਮਾਨਵੀ ਸਰੋਕਾਰਾਂ ਨੂੰ ਮੁਖ਼ਾਤਿਬ 'ਚਿੱਟੇ ਪ੍ਰਛਾਵੇਂ' ਗ਼ਜ਼ਲ/ਕਾਵਿ-ਸੰਗ੍ਰਹਿ ਦਾ ਪੰਜਾਬੀ ਕਾਵਿ ਸੰਸਾਰ ਅੰਦਰ ਭਰਵਾਂ ਸਵਾਗਤ ਹੈ।

-ਡਾ: ਦਵਿੰਦਰ ਸਿੰਘ ਬੋਹਾ
ਜ਼ਿਲਾ ਭਾਸ਼ਾ ਅਫ਼ਸਰ,
ਐੱਸ.ਏ.ਐੱਸ ਨਗਰ

4 ਮਾਰਚ, 2024

ਢਾਈ ਸ਼ਬਦ

# ਕਿਰਤੀਆਂ ਦਾ ਚੇਤੰਨ ਸਾਥੀ-ਭੁਪਿੰਦਰ 'ਬੇਕਸ'

ਭੁਪਿੰਦਰ ਸਿੰਘ 'ਬੇਕਸ' ਨੇ ਭਾਵੇਂ ਆਪਣੇ ਆਪ ਨੂੰ 'ਬੇਕਸ' ਉਪ-ਨਾਂ ਦਿੱਤਾ ਹੈ, ਪਰ ਉਹ ਆਪ ਤੇ ਉਸਦੀ ਰਚਨਾ ਅਸਲ ਵਿਚ ਬੇਕਸਾਂ, ਬੇਸਹਾਰਿਆਂ, ਅਨਾਥਾਂ ਤੇ ਦੀਨ-ਦੁਖੀਆਂ ਦਾ ਚੇਤੰਨ ਅਤੇ ਜੁਝਾਰ ਸਹਾਰਾ ਹੈ। ਉਹ ਸਿਰਫ਼ ਉਹਨਾਂ ਲਈ ਕਲਮ ਨਾਲ ਹੀ ਨਹੀਂ ਲੜਦਾ ਬਲਕਿ ਲੋਕਾਂ ਨਾਲ ਮਿਲ ਕੇ ਸੰਗਰਾਮ ਵੀ ਕਰਦਾ ਹੈ। ਨਾ ਉਹ ਕਦੇ ਸੱਤਾ ਦੇ ਜ਼ਬਰ ਤੋਂ ਹੀ ਡਰਿਆ ਹੈ ਅਤੇ ਨਾ ਹੀ ਧੱਕੇਸ਼ਾਹੀਆਂ ਤੋਂ ਹਰਿਆ ਹੈ।

ਅੱਜ ਜਦੋਂ ਵੱਡੀਆਂ-ਵੱਡੀਆਂ ਕਲਮਾਂ ਪੁਰਸਕਾਰਾਂ ਦੀ ਖਾਤਿਰ ਆਪੇ ਨੂੰ ਵੇਚ ਦਿੰਦੀਆਂ ਹਨ, ਦਰਬਾਰੀ ਬਣ ਜਾਂਦੀਆਂ ਹਨ, ਤਾਂ 'ਬੇਕਸ' ਹਿੱਕ ਤਾਣ ਕੇ ਕਹਿੰਦਾ ਹੈ-

-ਇਹ ਕੈਸੇ ਦੌਰ ਵਿਚ ਦਾਖਿਲ, ਸਮੇਂ ਦੀ ਅੱਜ ਸਿਆਸਤ ਹੈ।
ਨਾ ਨੀਤੀਵਾਨ ਨੇ ਨੇਤਾ, ਨਾ ਉਹਨਾਂ ਵਿਚ ਦਿਆਨਤ ਹੈ।
-ਕਿ ਜ਼ਾਲਮ ਸਾਹਵੇਂ ਅੜਦੇ ਹਾਂ, ਤੇ ਸੀਨਾ ਤਾਣ ਖੜ੍ਹਦੇ ਹਾਂ,
ਇਹ ਦੇਖੋ ਫੋਲ ਕੇ ਵਰਕੇ, ਇਹੋ ਸਾਡੀ ਵਿਰਾਸਤ ਹੈ।
-ਰਿਆਇਤ ਖ਼ਾਕ ਦੇਣੀ ਸੀ, ਨਾ ਦੇਵਣ ਹੱਕ ਵੀ ਹਾਕਮ,
'ਬੇਕਸ' ਆਹ ਭਰਨੇ ਦੀ ਵੀ, ਨਾ ਏਥੇ ਇਜਾਜ਼ਤ ਹੈ।

ਜਦੋਂ ਅਸੀਂ ਆਪਣੇ ਹੱਕਾਂ ਲਈ ਲੜਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਇਥੋਂ ਤੱਕ ਕਿ ਇਸਤਰੀਆਂ ਨੂੰ ਵੀ ਸਰਕਾਰੀ ਜ਼ਬਰ ਦਾ ਸ਼ਿਕਾਰ ਹੁੰਦੇ ਦੇਖਦੇ ਹਾਂ ਤਾਂ 'ਬੇਕਸ' ਦੀਆਂ ਉਪਰੋਕਤ ਸਤਰਾਂ ਸੱਚ ਦੀਆਂ ਢੰਡੋਰਚੀ ਬਣਦੀਆਂ ਹਨ। ਜਦੋਂ ਉਹ ਲਿਖਦਾ ਹੈ ਕਿ-

-ਜ਼ਰਾ ਕੁਝ ਸੋਚ ਤਾਂ ਲੈਂਦਾ, ਮੈਨੂੰ ਧਮਕਾਣ ਤੋਂ ਪਹਿਲਾਂ।
ਕਿ ਆਪੇ ਨੂੰ ਪਰਖ ਲੈਂਦਾ, ਮੈਨੂੰ ਅਜ਼ਮਾਣ ਤੋਂ ਪਹਿਲਾਂ।

ਤਾਂ ਕਿਸਾਨੀ ਅੰਦੋਲਨ ਦਾ ਲੰਮਾ ਘੋਲ ਅੱਖਾਂ ਅੱਗੇ ਆ ਜਾਂਦਾ ਹੈ। ਕੇਂਦਰ ਦੀ ਸੱਤਾ ਨੂੰ ਕਿਸਾਨਾਂ ਦਾ 'ਪਗੜੀ ਸੰਭਾਲ ਜੱਟਾ' ਵਾਲਾ ਇਤਿਹਾਸ ਪੜ੍ਹ ਲੈਣਾ ਚਾਹੀਦਾ ਸੀ। ਕਿਸਾਨਾਂ ਦੀ ਸਾਂਝੀ ਲੜਾਈ ਸਿਰੜ ਤੇ ਕੁਰਬਾਨੀ ਦੇ ਜਜ਼ਬੇ ਨੇ ਹੈਂਕੜਸ਼ਾਹੀ ਨੂੰ ਹਰਾ ਕੇ ਤਿੰਨੇ ਕਾਨੂੰਨ ਵਾਪਸ ਕਰਵਾਏ ਸਨ। ਸ਼ਾਇਦ ਹੀ ਕੋਈ ਸਮਾਜਿਕ ਜਾਂ ਕੁਦਰਤੀ ਵਰਤਾਰਾ ਹੋਵੇ, ਜਿਸ ਉਤੇ 'ਬੇਕਸ' ਨੇ ਨਾ ਲਿਖਿਆ ਹੋਵੇ। ਉਸ ਨੇ ਰੁੱਖ, ਮਨੁੱਖ, ਪਾਣੀ, ਪੰਜਾਬੀ ਬੋਲੀ, ਇਸ਼ਕ, ਮਾਂ, ਬੇਟੀ, ਭੈਣ-ਭਰਾ, ਭਗਤ ਸਿੰਘ, ਰਾਜਗੁਰੂ, ਸਰਾਭਾ, ਆਜ਼ਾਦ, ਸਿੱਖਾਂ ਦੇ ਸੰਘਰਸ਼ ਆਦਿ ਅਨੇਕਾਂ ਵਿਸ਼ਿਆਂ 'ਤੇ ਸ਼ਾਨਦਾਰ ਸ਼ਾਇਰੀ ਕੀਤੀ ਹੈ। ਨਿਰਸੰਦੇਹ, ਉਹ ਪ੍ਰਮੁੱਖ ਤੌਰ ਤੇ ਗ਼ਜ਼ਲ ਦਾ ਉਸਤਾਦ ਸ਼ਾਇਰ ਹੈ, ਉਸਨੇ ਗੀਤ, ਨਜ਼ਮਾਂ ਤੇ ਟੱਪੇ ਵੀ ਲਿਖੇ ਹਨ। ਹਰ ਵਿਧਾ ਵਿਚ ਲੈਅ, ਤਾਲ, ਰਵਾਨੀ ਅਤੇ ਬਹਿਰ-ਵਜ਼ਨ ਨੂੰ ਕਾਇਮ ਰੱਖਿਆ ਹੈ। ਉਸ ਦਾ ਕਹਿਣਾ ਹੈ-

-ਸ਼ਾਇਰਾਂ ਕੋਲੋਂ ਸੁਣਿਆ ਹੈ ਮੈਂ, ਇਹ ਸ਼ਾਇਰੀ ਕੋਈ ਖੇਡ ਨਈਂ,
ਬਹਿਰ-ਵਜ਼ਨ ਦੇ ਨੱਕੇ 'ਚੋਂ, ਹਰ ਸ਼ਿਅਰ ਲੰਘਾਇਆ ਜਾਂਦਾ ਹੈ।

ਗ਼ਜ਼ਲ ਪੰਜਾਬੀ ਵਿਚ ਆਉਣ ਤੋਂ ਪਹਿਲਾਂ ਜ਼ਿਆਦਾਤਰ ਇਸ਼ਕ ਦੇ ਹੀ ਕੀਰਨੇ ਪਾਉਂਦੀ ਹੁੰਦੀ ਸੀ ਪਰ ਪੰਜਾਬੀ ਸ਼ਾਇਰਾਂ, ਗ਼ਜ਼ਲਗੋਆਂ ਨੇ ਉਸ ਨੂੰ ਲੋਕ ਲੜਾਈ ਲਈ ਵੀ ਸ਼ਸਤਰਬੱਧ ਕਰ ਦਿੱਤਾ ਹੈ। 'ਬੇਕਸ' ਵੀ ਜਿਥੇ ਗ਼ਜ਼ਲ ਵਿਚ ਇਸ਼ਕ ਦਾ ਰੰਗ ਭਰਦਾ ਹੈ,

ਉਥੇ ਨਾਲ ਹੀ ਉਸ ਨੂੰ ਸੰਘਰਸ਼ਾਂ ਦਾ ਹਥਿਆਰ ਵੀ ਬਣਾਉਂਦਾ ਹੈ। ਉਸਦੇ ਸ਼ਿਅਰਾਂ 'ਤੇ ਝਾਤ ਪਾ ਲਓ, ਜਿਨ੍ਹਾਂ ਵਿੱਚ ਉਹ ਆਖਦਾ ਹੈ ਕਿ-

-ਦੁਨੀਆ ਭਰ ਦਾ ਹਰ ਇਕ ਮਸਲਾ,
ਗ਼ਜ਼ਲ ਪਈ ਹੈ ਅੱਜ ਉਠਾਉਂਦੀ।
-ਉਹ ਜੂਨ ਸਰਾਪੀ ਹੁੰਦੀ ਹੈ, ਜੋ ਅਕਲੋਂ ਹੀਣੀ ਹੁੰਦੀ ਹੈ,
ਗਿਆਨ ਦੇ ਦੀਵੇ ਬਾਲ਼ ਅਸੀਂ, ਸਾਰਾ ਹੀ ਜੱਗ ਰੁਸ਼ਨਾਵਾਂਗੇ।
-ਜਿਥੇ ਕਿਰਤੀ ਰੱਜ ਕੇ ਖਾਏਗਾ, ਤੇ ਹਰ ਬੇਕਸ ਮੁਸਕਾਵੇਗਾ,
ਅਸੀਂ ਸਾਮਰਾਜ ਨੂੰ ਲਾ ਤੀਲੀ, ਇਕ ਨਵਾਂ ਨਿਜ਼ਾਮ ਬਣਾਵਾਂਗੇ।

ਜਦੋਂ ਉਹ ਏਨੀ ਵਧੀਆ ਗ਼ਜ਼ਲ ਲਿਖਦਾ ਹੈ ਜਾਂ ਸ਼ਾਇਰੀ ਕਰਦਾ ਹੈ ਤਾਂ ਪੰਜਾਬੀ ਪਾਠਕ ਅਤੇ ਸਾਹਿਤਕ ਸਮਾਗਮਾਂ ਦੇ ਸਰੋਤੇ ਵੀ ਅਸ਼-ਅਸ਼ ਕਰ ਉਠਦੇ ਹਨ ਤੇ ਉਸ ਤੋਂ ਪੂਰਾ ਪਿਆਰ ਲੁਟਾਉਂਦੇ ਹਨ। ਇਹ ਉਸਨੂੰ ਆਪ ਵੀ ਅਹਿਸਾਸ ਹੈ-

-ਕਾਮੇ ਨਾਲ ਖੜ੍ਹਾ ਹਾਂ ਡੱਟ ਕੇ,
ਹਾਕਮ ਨੂੰ ਲਲਕਾਰ ਮੈਂ ਲਿਖਦਾਂ।

ਆਸ ਹੀ ਨਹੀਂ ਵਿਸ਼ਵਾਸ ਹੈ ਕਿ ਉਸਦੀ ਹੱਥਲੀ ਕਾਵਿ-ਪੁਸਤਕ 'ਚਿੱਟੇ ਪ੍ਰਛਾਵੇਂ' ਨੂੰ ਪਾਠਕ ਮਹਿਫ਼ਲਾਂ ਵਿਚ ਮਿਲਦੀ ਦਾਦ ਨਾਲੋਂ ਵੀ ਵੱਧ ਪਿਆਰ ਦੇਣਗੇ। ਇਹ ਵੀ ਵਿਸ਼ਵਾਸ ਹੈ ਕਿ 'ਬੇਕਸ' ਦੀ ਕਲਮ ਹੋਰ ਨਵੀਆਂ ਉਚਾਈਆਂ ਛੋਹੇਗੀ।

110/1, ਸੈਕਟਰ 55, ਚੰਡੀਗੜ੍ਹ — -ਗੁਰਨਾਮ ਕੰਵਰ
20 ਫਰਵਰੀ, 2024 — 98142-13317

## ਆਸ਼ਾਵਾਦੀ ਸੋਚ ਦੀ ਪ੍ਰਤੀਕ ਸ਼ਾਇਰੀ

ਅੱਜ ਦੇ ਸਮੇਂ ਦੀ ਹਕੀਕਤ ਦੱਸਦੇ ਹੋਏ 'ਬੇਕਸ' ਜੀ ਨੇ ਪੁਰਾਣੇ ਸਮੇਂ ਤੇ ਅਜੋਕੇ ਵਕਤ ਦੀ ਤੁਲਨਾ ਕੀਤੀ ਹੈ ਤੇ ਹਕੀਕਤ ਵਿਚ ਮਾਨਵ ਦੀ ਬੇਕਸੀ ਹੀ ਦਰਸਾਈ ਹੈ। ਨਵੀਆਂ ਰਾਹਾਂ 'ਤੇ ਚੱਲਣ ਦੀ ਤੇ ਅਣਖ ਨਾਲ ਜਿਊਣ ਦੀ ਪ੍ਰੇਰਨਾ ਨੂੰ ਇੱਕ ਅਲੱਗ ਅੰਦਾਜ਼ ਦੇ ਨਾਲ ਬਿਆਨਿਆ ਗਿਆ ਹੈ। ਉਰਦੂ ਦੇ ਸ਼ਬਦਾਂ ਦਾ ਪੰਜਾਬੀ ਨਾਲ ਮੇਲ (ਪੈਮਾਨਾ, ਮਾਂਝੀ, ਅਕਸ, ਸਹਿਰਾ, ਜ਼ਹਿਨ ਆਦਿ) ਇੱਕ ਵੱਖਰੀ ਭਾਵਨਾ ਦਾ ਅਹਿਸਾਸ ਹੈ। ਕਿਤੇ -ਕਿਤੇ ਹਿੰਦੀ ਸਾਹਿਤ ਦਾ ਵੀ ਗਹਿਰਾ ਅਸਰ ਨਜ਼ਰ ਆਉਂਦਾ ਹੈ। 'ਚਿੱਟੇ ਪ੍ਰਛਾਵੇਂ' ਵਿੱਚ 'ਕ੍ਰਿਸ਼ਨ ਦੀ ਬੰਸੀ', ਜੈ ਦੇਵ, ਫ਼ਰੀਦ, ਗੁਰੂ ਨਾਨਕ, ਰਾਮ-ਰਹੀਮ ਨੂੰ ਇਕ ਲੜੀ ਵਿੱਚ ਪਰੋ ਕੇ ਸਦਭਾਵਨਾ ਦਾ ਸੰਦੇਸ਼ ਦਿੱਤਾ ਹੈ। ਅੱਜ ਜਦੋਂ ਦੁਨੀਆਂ ਤੀਜੇ ਵਿਸ਼ਵ ਯੁੱਧ ਦੇ ਕਗਾਰ 'ਤੇ ਖੜ੍ਹੀ ਹੈ, ਤਾਂ ਸਰਹੱਦ ਦੇ ਪਾਰ ਦੀ ਖ਼ੈਰ-ਸੁੱਖ ਮੰਗ ਕੇ 'ਬੇਕਸ' ਜੀ ਦੀ ਸ਼ਾਇਰੀ ਆਸ਼ਾਵਾਦੀ ਹੋਣ ਦਾ ਪ੍ਰਤੀਕ ਬਣਦੀ ਹੈ। ਚਾਹੇ ਇਤਿਹਾਸ (ਨੀਰੋ, ਤੁਗਲਕ), ਚਾਹੇ ਸੰਤ ਦਰਵੇਸ਼ ਜਾਂ ਸੱਸੀ-ਸੋਹਣੀ-ਸਾਹਿਬਾਂ ਹਰ ਵਿਸ਼ੇ 'ਤੇ ਸਮਝ 'ਬੇਕਸ' ਜੀ ਦੀ ਸ਼ਖਸੀਅਤ ਨੂੰ ਰੂ-ਬ-ਰੂ ਕਰਵਾਉਂਦੀ ਹੈ।

-ਡਾ: ਅਨਿਲ ਕੁਮਾਰ ਅੰਗਰਿਸ਼
27 ਮਈ, 2024 — 94170-97000

# ਵਿਦਵਾਨ ਕਹਿੰਦੇ ਨੇ......

ਭੁਪਿੰਦਰ ਸਿੰਘ 'ਬੇਕਸ' ਗ਼ਜ਼ਲ ਦਾ ਜਾਣਿਆ-ਪਛਾਣਿਆ ਨਾਮ ਹੈ । ਇਸ ਸ਼ਾਇਰ ਕੋਲ ਜ਼ਿੰਦਗੀ ਦੇ ਕੌੜ-ਕੁਸੈਲੇ ਪੈਂਡਿਆਂ ਦੇ ਸਿਰਨਾਵੇਂ ਮੌਜੂਦ ਹਨ ਪਰ ਉਸਨੇ ਜੀਵਨ ਦੇ ਇਨ੍ਹਾਂ ਕੁਸੈਲੇ ਤਜ਼ਰਬਿਆਂ ਨੂੰ ਜ਼ਿਹਨ 'ਤੇ ਖਲੌਣ ਨਹੀਂ ਦਿੱਤਾ, ਇਸ ਨੂੰ ਸ਼ਾਇਰੀ ਦੀਆਂ ਆਡਾਂ ਰਾਹੀਂ ਪਿਆਸੇ ਖੇਤਾਂ ਤਕ ਪਹੁੰਚਾ ਦਿੱਤਾ ਹੈ । 'ਬੇਕਸ' ਨੇ ਗ਼ਜ਼ਲ ਦੀ ਤਕਨੀਕ ਨੂੰ ਜਾਣਿਆ ਹੈ ਅਤੇ ਇਸ ਦੀ ਰੂਹ ਨੂੰ ਪਛਾਣਿਆ ਹੈ ।  'ਬੇਕਸ' ਕੋਲ ਆਪਣਾ ਨਵਾਂ ਨਵੇਲਾ ਪਰ ਲੋਕ-ਪੱਖੀ ਅਤੇ ਅਗਾਂਹਵਧੂ ਸ਼ਿਅਰੀ ਸਰਮਾਇਆ ਹੈ । ਉਸਦੀਆਂ ਗ਼ਜ਼ਲਾਂ ਦੀ ਪਰਪੱਕਤਾ ਕਿਸੇ ਹੰਢੇ ਵਰਤੇ ਗ਼ਜ਼ਲਕਾਰ ਦਾ ਪਤਾ ਦੇਂਦੀ ਹੈ । -ਸੁਲੱਖਣ ਸਰਹੱਦੀ

ਭੁਪਿੰਦਰ ਸਿੰਘ 'ਬੇਕਸ' ਨੇ ਰਫਤਾ-ਰਫਤਾ ਮਿਹਨਤ ਕਰਦਿਆਂ ਗ਼ਜ਼ਲ ਸਿਨਫ਼ ਦੀ ਉੱਚੀ-ਲੰਮੀ ਪੌੜੀ ਦੇ ਕਾਫ਼ੀ ਉੱਤਲੇ ਡੰਡੇ 'ਤੇ ਪੈਰ ਜਾ ਧਰਿਆ ਹੈ । ਸਿੱਖਣ ਦੀ ਲਾਲਸਾ ਨੇ ਉਸ ਨੂੰ ਬਹੁਤ ਕੁਹਣਾ-ਮੁਸ਼ਕ ਅਦੀਬਾਂ ਨਾਲ ਜੋੜਿਆ ਹੈ । ਉਸ ਦੀ ਗ਼ਜ਼ਲਗੋਈ ਵਿਚ ਰਵਾਇਤੀ ਅਤੇ ਆਧੁਨਿਕਤਾ ਦੇ ਨਾਲ ਨਾਲ ਫ਼ਲਸਫ਼ਾਨਾ ਰੰਗ ਵੀ ਉਘੜ ਕੇ ਉਜਾਗਰ ਹੁੰਦਾ ਹੈ । -ਬਲਬੀਰ ਸੈਣੀ

ਭੁਪਿੰਦਰ ਸਿੰਘ 'ਬੇਕਸ' ਨੇ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਰੋਜ਼ਮਰਾ ਦੀ ਮਨੁੱਖੀ ਜ਼ਿੰਦਗੀ ਦੀ ਬੇਵਸੀ ਨਾਲ ਸਬੰਧਿਤ ਵਿਸ਼ੇ ਲਏ ਹਨ ਅਤੇ ਕੁਝ ਗ਼ਜ਼ਲਾਂ ਮਨੁੱਖਤਾ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਵੀ ਕਹੀਆਂ ਹਨ । 'ਬੇਕਸ' ਕਾਫੀ ਦੇਰ ਤੋਂ ਗ਼ਜ਼ਲ ਦੀ ਰਚਨਾ ਕਰ ਰਿਹਾ ਹੈ, ਉਸਦੀ ਗ਼ਜ਼ਲਕਾਰੀ 'ਤੇ ਝਾਤ ਮਾਰਿਆਂ ਇਹ ਧਾਰਨਾ ਬਣਦੀ ਹੈ ਕਿ 'ਬੇਕਸ' ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਕਾਫ਼ੀ ਕੁਝ ਜਾਣਦਾ ਹੈ । -ਗੁਰਦਿਆਲ ਰੌਸ਼ਨ

ਭੁਪਿੰਦਰ ਸਿੰਘ 'ਬੇਕਸ' ਲੰਮੇ ਅਰਸੇ ਤੋਂ ਗ਼ਜ਼ਲ ਨੂੰ ਸੰਵਾਰਨ-ਸ਼ਿੰਗਾਰਨ ਦੇ ਯਤਨਾਂ ਵਿੱਚ ਰੁੱਝਿਆ ਹੋਇਆ ਹੈ । ਉਹ ਗ਼ਜ਼ਲ ਪ੍ਰਤੀ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ । 'ਬੇਕਸ' ਦਾ ਸਫ਼ਰ ਪੰਜਾਬੀ ਦੇ ਲੋਕ-ਗੀਤਾਂ ਦੀਆਂ ਧੁਨਾਂ ਵਿੱਚੋਂ ਹੋ ਕੇ ਲੰਘਦਾ ਹੈ । ਇਸ ਲਈ ਇਹ ਪੰਜਾਬ ਦੀਆਂ ਮੁਟਿਆਰਾਂ ਦੀ ਧੜਕਣ ਨੂੰ ਪੜ੍ਹਨ 'ਚ ਮਾਹਿਰ ਹੋਇਆ ਹੈ, ਇਸ ਦੇ ਲਿਖੇ ਟੱਪੇ ਇਸ ਗੱਲ ਦੀ ਗਵਾਹੀ ਭਰਦੇ ਹਨ ।  -ਸਿਰੀ ਰਾਮ ਅਰਸ਼

ਭੁਪਿੰਦਰ 'ਬੇਕਸ' ਦੀ ਕਲਮ ਨੂੰ ਹਰ ਦਿਲ ਹੱਸਦਾ ਵੀ ਦਿਸਦਾ ਹੈ ਤੇ ਰੋਂਦਾ ਵੀ । ਪਿਆਰ ਦੀਆਂ ਖਰਮਸਤੀਆਂ ਕਰਦਾ ਮਨੁੱਖ ਵੀ ਨਜ਼ਰ ਆਉਂਦਾ ਹੈ ਤੇ ਹਾੜੇ ਕੱਢਦਾ ਬਸ਼ਰ ਵੀ । ਉਸਦਾ ਅਰੂਜ਼ੀਫਨ ਤੇ ਗ਼ਜ਼ਲਾਂ ਵਿਚਲੀ ਰਵਾਨੀ ਪ੍ਰਭਾਵਿਤ ਕਰਦੀ ਹੈ । ਬਹਿਰ ਚਾਹੇ ਛੋਟੀ ਹੋਵੇ ਜਾਂ ਲੰਮੀ 'ਬੇਕਸ' ਉਸ ਨੂੰ ਖ਼ੂਬ ਨਿਭਾਉਂਦਾ ਹੈ । -ਚਮਕ ਸੁਰਜੀਤ ਫਿਰੋਜ਼ਪੁਰੀ

ਭੁਪਿੰਦਰ 'ਬੇਕਸ' ਨੇ ਸਮਾਜ ਦੇ ਹਰ ਵਰਤਾਰੇ ਨੂੰ ਤੇ ਜੀਵਨ ਫਲਸਫੇ ਨੂੰ ਬੜੇ ਹੀ ਸੁੰਦਰ ਢੰਗ ਨਾਲ ਲਿਖਿਆ ਹੈ । ਉਸਨੇ ਜੀਵਨ ਨਾਲ ਵਾਪਰੀ ਹਰ ਤਰਾਸਦੀ ਨੂੰ ਖ਼ੂਬਸੂਰਤ ਸ਼ਿਅਰਾਂ ਵਿਚ ਨਵੇਕਲੇ ਤੇ ਦਿਲਕਸ਼ ਅੰਦਾਜ਼ ਵਿਚ ਬਿਆਨਿਆ ਹੈ । 'ਬੇਕਸ' ਦੀ ਸ਼ਾਇਰੀ ਦਿਲ ਦੇ ਸਾਗਰ ਵਿਚ ਡੁੱਬਕੀਆਂ ਲਾਉਂਦੀ ਹੋਈ ਬਹਾਰਾਂ ਨੂੰ ਸੱਦੇ ਦੇਂਦੀ ਹੈ । -ਕਰਨੈਲ ਸਿੰਘ ਸ਼ਬਦਲਪੁਰੀ

# ਲਾਵਾ ਫੁੱਟਿਆ ਗ਼ਜ਼ਲ ਦਾ

ਸ਼ਾਇਰੀ ਦਾ ਲਾਵਾ ਫੁੱਟਿਆ, ਗ਼ਜ਼ਲ ਦੇ ਅੰਬਰ ਤੋਂ ਹੁੰਦਾ ਹੋਇਆ, ਧਰਤੀ ਪਾਤਾਲ ਗਾਹੁੰਦਾ, ਦੁਨਿਆਵੀ ਕੱਦਰਾਂ-ਕੀਮਤਾਂ ਵਾਚਦਾ, ਇਲਾਹੀ, ਸਮਾਜੀ, ਸਿਆਸੀ, ਦੁੱਖ-ਸੁੱਖ, ਪਿਆਰ ਦੇ ਵੱਲਵਲੇ, ਵਿਛੋੜੇ ਦੀ ਪੀੜ, ਵਸਲ ਦੇ ਹੁਲਾਰੇ, ਮਜਬੂਰ ਪੱਲਕਾਂ 'ਚੋਂ ਛੱਲਕਦੇ ਹੰਝੂ, ਕੁੱਝ ਮਿੱਠੇ, ਕੁੱਝ ਖਾਰੇ, ਕੁੱਝ ਚੱਟਪੱਟੇ ਅਹਿਸਾਸ ਤੇ ਹੋਰ ਵੀ ਕਈ ਕੁੱਝ, ਆਪਣੀ ਚੁੰਬਕੀ ਫਿਤਰਤ ਵਾਂਗ ਇਸ ਲਾਵੇ ਵਿਚ ਆਣ ਰਲੇ ਤੇ ਮੈਂ ਵੀ-

-ਤੁਰਿਆ ਸਾਂ ਲੱਭਣ ਲਈ ਮੈਂ ਵੀ, ਗ਼ਜ਼ਲਾਂ ਦੇ ਸਿਰਨਾਵੇਂ।
ਵੱਲ-ਵਲੇਵੇਂ ਪਾ ਕੇ ਮਿਲ ਪਏ, ਇਹ ਚਿੱਟੇ ਪ੍ਰਛਾਵੇਂ।

ਸੋਚ ਰਿਹਾਂ, ਕਿਸ ਦੇ ਨੇ ਇਹ ਚਿੱਟੇ ਪ੍ਰਛਾਵੇਂ-ਜਿਹਨਾਂ ਵਿਚੋਂ ਕਦੀ ਬਾਗੀ ਸੁਰਾਂ, ਕਿਧਰੇ ਨੱਚਦੀ ਗਾਉਂਦੀ ਜਵਾਨੀ ਦੇ ਸ਼ੋਰ, ਕਿਧਰੇ ਬੁਢਾਪੇ ਦੀਆਂ ਬੇਬਸ, ਬੇਕਸ ਸਿਸਕੀਆਂ, ਕਦੀ ਫ਼ਕੀਰਾਂ ਵਾਲੀ ਮਸਤੀ, ਕਿਧਰੇ ਖੁਦੀ ਦਾ ਮਾਣ, ਖ਼ੁਦਾਈ ਰਹਿਮਤਾਂ ਮੰਗਦੇ ਤਰਲੇ, ਮਹਿੰਗੇ ਮੁੱਲ ਮਿਲਦੀ ਵਫ਼ਾ, ਕਿਧਰੇ ਬੇਵਫ਼ਾਈ ਆਪ-ਮੁਹਾਰੇ ਝੋਲੀ ਵਿਚ ਆ ਪੈਂਦੀ-ਤੇ ਹੋਰ ਪਤਾ ਨਹੀਂ ਕੀ ਕੀ-ਸੂਈ ਦੇ ਨੱਕੇ 'ਚੋਂ ਲੰਘਾਉਂਦਾ-ਕਿਸੇ ਮਾਹਿਰ ਉਸਤਾਦ ਦਾ ਚੰਡਿਆ ਇਹ ਸ਼ਾਇਰ ਮੈਨੂੰ 'ਭੁਪਿੰਦਰ ਬੇਕਸ' ਲਗਦੈ।

ਗ਼ਜ਼ਲ, ਗੀਤ, ਟੱਪੇ, ਕਵਿਤਾ ਦੀਆਂ ਬਿਸ਼ੀਅਰ ਕਾਲੀਆਂ ਜ਼ੁਲਫ਼ਾਂ ਨੂੰ ਸਮੇਟ ਕੇ, ਇੱਤਰ-ਸੁਗੰਧੀਆਂ ਨਾਲ ਚੋਪੜ, ਸੱਧਰਾਂ ਦੀਆਂ ਮੀਡੀਆਂ ਗੁੰਦ-ਸ਼ਿੰਗਾਰ ਕੇ ਪੇਸ਼ ਕਰਦੀ ਇਹ ਕਲਮ ਪੰਜਾਬੀ ਸਾਹਿਤ ਦੀਆਂ ਵੰਨਗੀਆਂ ਨੂੰ ਯਕੀਨਨ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਮਾਂ-ਬੋਲੀ ਪੰਜਾਬੀ ਦਾ ਇਹ ਸਪੁੱਤਰ ਦੁੱਧ ਚੁੰਘਦੇ ਬੱਚੇ ਵਾਂਗ ਮਾਂ-ਮਾਂ ਕਰਦਾ ਭੱਜ-ਭੱਜ ਉਹਦੇ ਕੁੱਛੜ ਜਾ ਚੜ੍ਹਦਾ ਹੈ-ਤੇ ਲਿਖਦਾ ਹੈ-

-ਕਿ ਮਾਂ ਬੋਲੀ ਪੰਜਾਬੀ ਲਈ, ਸਾਡੇ ਸੰਘਰਸ਼ ਜਾਰੀ ਨੇ,
ਨਾ ਰੁੱਤਬਾ ਦੇਂਵਦੇ ਹਾਕਮ, ਨਾ ਮੰਨਦੇ ਹਾਰ ਹਾਂ ਆਪਾਂ।
-ਜੋ ਸੌਂ ਗਏ ਤਾਣ ਕੇ ਲੰਮੀਆਂ, ਉਹ ਸਭ ਹਾਕਮ ਜਗਾਵਾਂਗੇ,
ਲਵਾਂਗੇ ਹੱਕ ਉਹ ਸਾਰੇ, ਜੀਹਦੇ ਹੱਕਦਾਰ ਹਾਂ ਆਪਾਂ।

ਅਜੋਕੇ ਸਮੇਂ ਵਿਚ ਕੁੱਦਰਤ ਦੀਆਂ ਫੁੱਟਦੀਆਂ ਕਰੁੰਬਲਾਂ ਨੂੰ ਮੱਸਲਦੇ ਮਾਨਵ ਨੂੰ ਮੱਤਾਂ ਦਿੰਦਾ ਲਿਖਦੈ-

-ਇਹ ਚੰਚਲ ਸ਼ੂਕਦੀ ਨਿਰਮਲ, ਹਵਾ ਹੁਣ ਹੋ ਗਈ ਜ਼ਹਿਰੀ,
ਨਹੀਂ ਹੁਣ ਹੋਰ ਕੋਈ ਚਾਰਾ, ਤੇ ਆਪਾਂ ਰੁੱਖ ਲਗਾ ਦਈਏ।

ਆਪਣੀ ਖ਼ੁਦ-ਦਾਰੀ ਦਾ ਜ਼ਿਕਰ ਖ਼ੁਦਾ ਅੱਗੇ ਕੁੱਝ ਇਸ ਤਰ੍ਹਾਂ ਕਰਦੈ-

-ਇਤਨੀ ਮਿਹਰ ਕਰ ਰੱਬਾ ! ਕਿ ਸੁਪਨੇ ਵਿਚ ਵੀ ਭੁੱਲ ਕੇ,
ਇਹ ਖ਼ਾਲੀ ਝੋਲ ਲੈ ਅਪਣੀ, ਕਿਸੇ ਮਾਨਵ ਦੇ ਦਰ ਜਾਵਾਂ।

ਅੰਤ ਵਿਚ ਅਸੀਸਾਂ ਭਰੀਆਂ ਸ਼ੁਭ-ਇੱਛਾਵਾਂ ਸਹਿਤ-

-"ਸੋਚਦਾਂ ! ਕੁੱਝ ਏਸ ਨੂੰ ਉਪਹਾਰ ਦੇ ਦਿਆਂ।
ਨਿੱਕਾ ਹੈ ! ਬੱਸ ਥੋੜ੍ਹਾ ਜਿਹਾ ਪਿਆਰ ਦੇ ਦਿਆਂ।"

-ਅਮਰਜੀਤ ਪਟਿਆਲਵੀ
98148-02415
ਕੋਠੀ ਨੰ: 15, ਫ਼ੇਜ਼-1, ਮੋਹਾਲੀ
9 ਜੁਲਾਈ, 2024

# ਬਾਰੀਕ ਜ਼ਹਿਨੀਅਤ ਦਾ ਸ਼ਾਇਰ-'ਬੇਕਸ'

ਭੁਪਿੰਦਰ ਸਿੰਘ ਦੇ ਨਾਂ ਨਾਲ ਜੁੜਿਆ ਉਪਨਾਮ 'ਬੇਕਸ' ਫਾਰਸੀ ਦਾ ਸ਼ਬਦ ਹੈ, ਜਿਸ ਦੇ ਸ਼ਾਬਦਿਕ ਅਰਥ ਹਨ-ਬੇਬਸ, ਲਾਚਾਰ ਤੇ ਮਜਬੂਰ । ਪ੍ਰੰਤੂ ਉਸਦੀ ਸ਼ਖ਼ਸੀਅਤ ਸਾਹਵੇਂ ਉਪਰੋਕਤ ਸ਼ਬਦ ਬੌਣਾ ਜਿਹਾ ਲਗਦੈ, ਕਿਉਂਕਿ ਇਹ ਸ਼ਬਦ ਉਸਦੇ ਗੁਣਾਂ ਦੇ ਬਰ-ਮੇਚ ਨਹੀਂ ਆਉਂਦਾ, ਉਹ ਵਧੀਆ ਸ਼ਾਇਰ ਹੋਣ ਦੇ ਨਾਲ ਨਾਲ ਚੰਗਾ ਇਨਸਾਨ ਵੀ ਹੈ । ਮੈਂ ਆਪਣੀ ਜ਼ਿੰਦਗੀ ਦੇ ਬੀਤੇ ਪੰਜ ਦਹਾਕਿਆਂ ਵਿੱਚ ਉਸ ਨਾਲ ਹਰ ਔਖ-ਸੌਖ ਲੰਘਾਈ ਹੈ । ਉਸਨੇ 'ਗ਼ਜ਼ਲ ਦਾ ਅੰਬਰ' ਲਿਖਣ ਤੋਂ ਬਾਅਦ ਇਹ ਦੂਸਰੀ ਮੌਲਿਕ ਪੁਸਤਕ ਗ਼ਜ਼ਲ ਅਤੇ ਕਾਵਿ-ਰੂਪ ਵਿੱਚ 'ਚਿੱਟੇ ਪ੍ਰਛਾਵੇਂ' ਮਾਂ-ਬੋਲੀ ਦੀ ਝੋਲੀ ਵਿੱਚ ਪਾਈ ਹੈ, ਜਿਸਨੂੰ ਪੰਜਾਬੀ-ਪਾਠਕਾਂ ਦੀ ਛੁਹ ਪ੍ਰਾਪਤ ਹੋਈ ਹੈ । ਉਹ ਛੋਟੀ ਉਮਰੇ ਹੀ ਗ਼ਜ਼ਲ ਵਰਗੀ ਨਾਜ਼ੁਕ ਸਿਨਫ਼ ਦੀ ਨੁਹਾਰ ਪਛਾਨਣ ਲੱਗ ਪਿਆ ਸੀ ਅਤੇ ਅੱਜ-ਕੱਲ ਉਹ ਸਾਹਿਤਕ-ਹਲਕਿਆਂ ਵਿੱਚ ਪ੍ਰੌੜ ਸ਼ਾਇਰ ਵਜੋਂ ਜਾਣਿਆ ਜਾਂਦਾ ਹੈ । ਉਸਦੀ ਗ਼ਜ਼ਲਗੋਈ ਨੂੰ ਘੋਖਦਿਆਂ ਮਹਿਸੂਸ ਹੁੰਦਾ ਹੈ ਕਿ 'ਬੇਕਸ' ਨੇ ਪ੍ਰੀਤ-ਵਲਵਲਿਆਂ ਤੋਂ ਇਲਾਵਾ ਬਿਰਹਾ ਨੂੰ ਵੀ ਆਪਣੇ ਤਨ-ਮਨ 'ਤੇ ਰੱਜ ਕੇ ਹੰਢਾਇਆ ਹੈ । ਉਹ ਜਿਥੇ ਸਰਮਾਏਦਾਰੀ ਨਿਜ਼ਾਮ ਦੇ ਖਿਲਾਫ਼ ਹੈ, ਉਥੇ ਗਰੀਬ ਅਤੇ ਲੋੜਾਂ-ਥੋੜਾਂ ਦੀ ਜ਼ਿੰਦਗੀ ਜੀਊਂਦੇ ਲੋਕਾਂ ਨੂੰ ਗੁਰਬਤ ਦੇ ਘੁੱਪ-ਹਨੇਰੇ ਵਿੱਚੋਂ ਕੱਢ ਕੇ ਚਾਨਣ-ਚਾਨਣ ਕਰਨਾ ਲੋਚਦਾ ਹੈ । ਸਮਾਜਿਕ ਨਾ-ਬਰਾਬਰੀ ਦੇਖ ਉਸਦੀ ਰੂਹ ਕੁਰਲਾ ਉਠਦੀ ਹੈ, ਤਾਈਉਂ ਉਸਦੀ ਕਲਮ ਸਮਾਜਵਾਦ ਦਾ ਦਮ ਵੀ ਭਰਦੀ ਹੈ ।

'ਬੇਕਸ' ਦੀ ਸ਼ਾਇਰੀ ਅੰਦਰ ਦੇਸ਼-ਭਗਤੀ ਦੀ ਲੋਅ ਲਟ-ਲਟ ਕਰਕੇ ਬਲ਼ਦੀ ਹੈ । ਅਮਨ-ਸ਼ਾਂਤੀ ਦਾ ਮੁਦਈ 'ਬੇਕਸ' ਭਰਾ-ਮਾਰੂ ਨੀਤੀ ਤੋਂ ਕੋਹਾਂ ਦੂਰ ਹੈ । ਉਸਦੀ ਦੋਸਤੀ 'ਚੋਂ ਫ਼ਗਣੀ ਧੁੱਪਾਂ ਦਾ ਕੋਸਾ-ਕੋਸਾ ਨਿੱਘ ਮਹਿਸੂਸ ਹੁੰਦਾ ਹੈ ਤੇ ਇਉਂ ਜਾਪਦੈ, ਜਿਵੇਂ ਉਹ ਮੇਰਾ ਨਿੱਕਾ ਵੀਰ ਹੋਵੇ । ਉਸਨੂੰ ਅਤੇ ਉਸਦੀ ਧਰਮ-ਪਤਨੀ ਗੁਰਜੀਤ ਕੌਰ ਨੂੰ ਆਪਣੇ ਲਖ਼ਤੇ-ਜਿਗਰ ਦੇ ਗੁੰਮ ਹੋ ਜਾਣ ਦਾ ਝੋਰਾ ਲੱਕੜ ਨੂੰ ਲੱਗੇ ਘੁਣ ਵਾਂਗ ਦਿਨ-ਰਾਤ ਵੱਢ-ਵੱਢ ਖਾਂਦਾ ਹੈ ਅਤੇ ਉਹ ਉਸਦੇ ਵਾਪਸ ਪਰਤਣ ਦੀ ਉਡੀਕ ਵਿੱਚ ਹਨ, ਪ੍ਰੰਤੂ ਉਡੀਕ ਦੀ ਲਕੀਰ ਦਿਨ-ਬ-ਦਿਨ ਹੋਰ ਲੰਮੀ ਹੁੰਦੀ ਜਾਂਦੀ ਹੈ । ਇਸਦੇ ਬਾਵਜੂਦ ਵੀ ਉਹਨਾਂ ਦੀ ਆਸ ਦੀ ਟਹਿਣੀ ਅੱਜ ਵੀ ਹਰੀ ਹੈ । ਕਾਕਾ ਜਗਜੀਤ ਸਿੰਘ 'ਅਵੀ' ਵਲੋਂ ਇਸ ਕਾਵਿ-ਪੁਸਤਕ ਪ੍ਰਤੀ ਕੀਤੀ ਗਈ ਸਿਰਤੋੜ ਮਿਹਨਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ । ਭਵਿੱਖ ਵਿਚ ਵੀ ਇਸ ਬਾਰੀਕ ਜ਼ਹਿਨੀਅਤ ਦੇ ਸ਼ਾਇਰ ਕੋਲੋਂ ਹੋਰ ਢੇਰ ਸਾਰੀਆਂ ਉਮੀਦਾਂ ਹਨ ਤਾਂ ਕਿ ਉਹ ਹੋਰ ਅਜਿਹੀਆਂ ਪੁਸਤਕਾਂ ਸਾਹਿਤਕ-ਦੁਨੀਆਂ ਨੂੰ ਪ੍ਰਦਾਨ ਕਰੇ ।

-ਥੰਮਣ ਸਿੰਘ ਸੈਣੀ

18 ਸਤੰਬਰ, 2024 — 90412-14798

# ਮੁੜ ਹਾਜ਼ਰ ਹਾਂ

ਹੱਥਲੇ ਕਾਵਿ-ਸੰਗ੍ਰਹਿ 'ਚਿੱਟੇ ਪ੍ਰਛਾਵੇਂ' ਦਾ ਆਰੰਭ ਮੇਰੇ ਪਹਿਲੇ ਗ਼ਜ਼ਲ-ਸੰਗ੍ਰਹਿ 'ਗ਼ਜ਼ਲ ਦਾ ਅੰਬਰ'-2012 ਨੂੰ ਪਾਠਕਾਂ ਵਲੋਂ ਮਿਲੇ ਭਰਪੂਰ ਹੁੰਗਾਰੇ ਦੀ ਰੌਸ਼ਨੀ ਵਿੱਚ ਹੀ ਹੋ ਗਿਆ ਸੀ, ਭਾਵੇਂ ਕਿ ਇਸ ਨੂੰ ਪਾਠਕਾਂ ਦੇ ਹੱਥਾਂ ਤੱਕ ਪੁੱਜਦਾ ਕਰਨ ਲਈ ਲੰਮਾ ਸਮਾਂ ਲੱਗ ਗਿਆ ਹੈ, ਵੈਸੇ ਵੀ ਸੋਨੇ ਨੂੰ ਕੁੰਦਨ ਬਣਨ ਲਈ ਤੱਪਣਾ ਹੀ ਪੈਂਦਾ ਹੈ। ਇਹ ਮੇਰੀ ਖੁਸ਼ਨਸੀਬੀ ਹੈ ਕਿ ਮੈਨੂੰ ਗ਼ਜ਼ਲ ਦੇ ਉਸਤਾਦ ਸ਼ਾਇਰ ਥੰਮਣ ਸਿੰਘ ਸੈਣੀ ਦੀ ਰਹਿਨੁਮਾਈ ਹਾਸਿਲ ਹੈ। ਮਰਹੂਮ ਦੀਵਾਨ ਸਿੰਘ ਮਹਿਰਮ ਦੇ ਇਸ ਸ਼ਾਗਿਰਦ ਨੂੰ ਸੁਰ ਦੀ ਪਹਿਚਾਨ ਹੈ, ਬਹਿਰਾਂ ਦਾ ਗਿਆਨ ਹੈ (ਗ਼ਜ਼ਲ ਦੇ ਮਹਾਂਰਥੀਆਂ-ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਪ੍ਰਿੰ: ਤਖਤ ਸਿੰਘ, ਡਾ: ਲਾਲ ਫਿਰੋਜ਼ਪੁਰੀ ਤੇ ਰੈਕਟਰ ਕਥੂਰੀਆ ਨੇ 1976 ਵਿਚ ਹੀ ਇਸ ਹੀਰੇ ਦੀ ਸ਼ਾਇਰੀ ਨੂੰ ਪਹਿਚਾਨ ਲਿਆ ਸੀ ਤੇ ਪੰਜਾਬ ਦੇ ਅਵੱਲ ਗ਼ਜ਼ਲਗੋ ਦਾ ਐਵਾਰਡ ਦੇ ਕੇ ਸਨਮਾਨਿਆ ਸੀ) ਜੋ ਮੇਰੀ ਸ਼ਾਇਰੀ ਨੂੰ ਨਿਖਾਰ ਬਖਸ਼ਦਾ ਹੈ। ਗ਼ਜ਼ਲ ਦਾ ਅੰਬਰ' ਵਿਚ 7 ਸ਼ਿਅਰਾਂ ਵਾਲੀਆਂ 90 ਗ਼ਜ਼ਲਾਂ ਸਨ ਤੇ ਹੱਥਲੇ ਕਾਵਿ-ਸੰਗ੍ਰਹਿ ਵਿਚ 9 ਸ਼ਿਅਰਾਂ ਵਾਲੀਆਂ 70 ਗ਼ਜ਼ਲਾਂ ਹਨ ਤੇ ਦੋਹਾਂ ਵਿਚ 630-630 ਸ਼ਿਅਰ ਹਨ ਅਤੇ ਗ਼ਜ਼ਲਾਂ ਨੂੰ ਟਾਂਕ 'ਤੇ ਰੱਖਿਆ ਹੈ। ਮੇਰੀ ਕੋਈ ਵੀ ਗ਼ਜ਼ਲ ਮਤਲੇ, ਮਕਤੇ ਰਹਿਤ ਨਹੀਂ ਹੈ, ਕੁਝ ਗ਼ਜ਼ਲਾਂ ਵਿਚ ਤਾਂ ਮਤਲਾ-ਸਾਨੀ ਤੇ ਹੁਸਨੇ-ਮਤਲਾ ਵੀ ਸ਼ਾਮਿਲ ਹੈ। ਗ਼ਜ਼ਲ ਇਕ ਗਾਈ ਜਾਣ ਵਾਲੀ ਸਿਨਫ਼ ਹੈ, ਮੇਰੀ ਜਾਚੇ ਤਰੰਨੁਮ ਵਿਚ ਕਹੀ ਹੋਈ ਗੱਲ ਸਿੱਧੇ ਦਿਲ ਵਿਚ ਉਤਰ ਜਾਂਦੀ ਹੈ। ਇਸ ਲਈ ਮੈਂ ਕੋਸ਼ਿਸ ਕੀਤੀ ਹੈ ਕਿ ਮੇਰੀਆਂ ਗ਼ਜ਼ਲਾਂ ਨੂੰ ਗਾਇਆ ਜਾ ਸਕੇ। ਬਜ਼ਾਤੇ-ਖੁਦ ਵੀ ਅਕਸਰ ਗ਼ਜ਼ਲਾਂ, ਗੀਤਾਂ, ਟੱਪਿਆਂ ਨੂੰ ਤਰੰਨੁਮ 'ਚ ਕਹਿਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੀ ਸ਼ਾਇਰੀ ਦੇ ਸਨਮੁੱਖ ਗ਼ਜ਼ਲ ਦੇ ਪਾਰਖੂਆਂ ਵੱਲੋਂ ਬਹੁਮੁੱਲੇ ਸ਼ਬਦਾਂ ਦੇ ਰੂਪ ਵਿਚ ਅਤੇ ਸਾਹਿਤਕ ਮਹਿਫਲਾਂ ਵਿਚ ਅਦੀਬਾਂ/ਸਰੋਤਿਆਂ ਵੱਲੋਂ ਮਿਲਦੀ ਦਾਦ, ਹੱਲਾਸ਼ੇਰੀ ਮੇਰੀ ਕਲਮ ਦੀ ਧਾਰ ਨੂੰ ਤਿੱਖਿਆਂ ਕਰਦੀ ਹੈ। ਇਸ ਕਾਵਿ-ਪੁਸਤਕ ਲਈ ਦੋਸਤਾਂ, ਅਦੀਬਾਂ ਵੱਲੋਂ ਮਿਲੇ ਵੱਡਮੁੱਲੇ ਸਹਿਯੋਗ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ। ਇਸ ਪੁਸਤਕ ਨੂੰ ਸੋਹਣੀ-ਦਿਲਕਸ਼ ਦਿੱਖ ਦੇ ਛਾਪਣ ਲਈ ਮੈਂ ਇਸ ਪੁਸਤਕ ਦੇ ਪ੍ਰਕਾਸ਼ਕ ਸ੍ਰੀ ਰੋਹਿਤ ਜੈਨ ਜੀ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ। ਹੋ ਸਕਦਾ ਹੈ ਕਿ ਮੇਰੀ ਉਮਰ ਤੇ ਸ਼ਾਇਰੀ ਤੋਂ ਪਾਠਕਾਂ ਨੂੰ ਮੇਰੇ ਪ੍ਰੌੜ ਹੋਣ ਦਾ ਤੌਖਲਾ ਲੱਗੇ ਪਰ ਮੈਂ ਖ਼ੁਦ ਨੂੰ ਗ਼ਜ਼ਲ ਦਾ ਵਿਦਿਆਰਥੀ ਹੀ ਤਸਲੀਮ ਕਰਦਾ ਹਾਂ। ਏਸੇ ਲਈ ਪਾਠਕਾਂ ਦੇ ਰੂ-ਬ-ਰੂ ਹੋਣ ਤੋਂ ਪਹਿਲਾਂ ਮੈਂ ਅਦੀਬਾਂ/ਵਿਦਵਾਨਾਂ ਦੀ ਰਾਇ ਲੈ ਕੇ ਉਸ ਨੂੰ ਪੁਸਤਕ ਦਾ ਹਿੱਸਾ ਵੀ ਬਣਾਇਆ ਹੈ। ਹਾਂ-ਪੱਖੀ ਹੁੰਗਾਰੇ ਦੇ ਮੱਦੇਨਜ਼ਰ ਹੀ ਮੈਂ ਇਕ ਵਾਰ ਫੇਰ ਪਾਠਕਾਂ ਦੀ ਕਚਹਿਰੀ ਵਿੱਚ 'ਚਿੱਟੇ ਪ੍ਰਛਾਵੇਂ' ਕਾਵਿ-ਸੰਗ੍ਰਹਿ ਲੈ ਕੇ ਮੁੜ ਹਾਜ਼ਰ ਹੋਇਆ ਹਾਂ-ਪਾਠਕ ਮੇਰੀ ਸ਼ਾਇਰੀ ਨੂੰ ਗਹੁ ਨਾਲ ਵਾਚਣਗੇ, ਘੋਖਣਗੇ-ਇਹ ਆਸ ਵੀ ਹੈ ਤੇ ਵਿਸ਼ਵਾਸ ਵੀ!

-ਭੁਪਿੰਦਰ ਸਿੰਘ 'ਬੇਕਸ'
94178-69429

18 ਨਵੰਬਰ, 2024

●

ਕਾਲਖ਼ ਅੰਦਰ ਕਾਲਖ਼ ਬਾਹਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।
ਅੱਜ ਦਾ ਮਾਨਵ ਜ਼ੁਲਮੀ ਜਾਬਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਸਭ ਸਿਰਨਾਵੇਂ ਮਾਨਵਤਾ ਦੇ, ਆਦਮ ਵਿਚੋਂ ਗੁੰਮ ਨੇ ਕਿਧਰੇ,
ਮਿੱਟ ਜਾਂਦੇ ਸੀ ਗ਼ੈਰਾਂ ਖਾਤਿਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਏਸ ਅਜੋਕੇ ਦੌਰ ਦੇ ਅੰਦਰ, ਮਾਨਵ ਕਹਿਰ ਗੁਜ਼ਾਰ ਰਿਹਾ ਹੈ,
ਮਾਨਵ ਲਈ ਜੋ ਕਰਦੇ ਆਹਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਕਾਸ਼ ! ਜਗਤ 'ਤੇ ਮੁੜ ਆ ਜਾਵਣ, ਦਰਦ ਦਿਲਾਂ ਦੇ ਜਾਨਣ ਵਾਲੇ,
ਪੀੜਾ ਹਰ ਜੋ ਦਿੰਦੇ ਠਾਹਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਅੱਜ ਦੇ ਹਾਕਮ ਬੜੇ ਹੀ ਜ਼ਾਲਿਮ, ਪੱਥਰ ਵੀ ਖ਼ਾਮੋਸ਼ ਨੇ ਸਾਰੇ,
ਚਿੰਤਾ ਜੋ ਕਰਦੇ ਸੀ ਜ਼ਾਹਿਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਜੈ ਦੇਵ, ਫ਼ਰੀਦ ਤੇ ਨਾਨਕ, ਰਾਮ-ਰਹੀਮ ਤੇ ਸ਼ਾਮ ਪਿਆਰਾ,
ਇਹ ਸਭ ਨੇ ਆਦਰ ਦੇ ਪਾਤਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਹਾਕਮ ਸਾਹਵੇਂ ਹਾਅ ਦਾ ਨਾਅਰ੍ਹਾ, ਮਾਰ ਦਵੇ ਜੋ ਹਿੰਮਤ ਕਰਕੇ,
ਕਿੱਥੇ ਨੇ ਨਾਨਕ ਜਿਹੇ ਸ਼ਾਇਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਚੰਨ ਤੀਕ ਤਾਂ ਪਹੁੰਚ ਗਿਆ ਹੈ, ਹੈ ਮਾਨਵ ਲਾਚਾਰ ਬੜਾ ਹੀ,
ਦੂਤੀ ਕਪਟੀ ਬੜਾ ਹੀ ਸ਼ਾਤਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

ਅਜ਼ਲਾਂ ਤੋਂ ਹੀ ਭਾਲ ਰਿਹਾ ਹਾਂ, 'ਬੇਕਸ' ਨੂੰ ਪ੍ਰਦਾਨ ਕਰੇ ਜੋ,
ਨੂਰੀ ਸੋਮੇ ਦੀ ਕੁਈ ਕਾਤਰ, ਕਿੱਥੇ ਹੁਣ ਚਿੱਟੇ ਪ੍ਰਛਾਵੇਂ ।

---

ਭਗਤ ਜੈ ਦੇਵ, ਬਾਬਾ ਫ਼ਰੀਦ, ਗੁਰੂ ਨਾਨਕ ਦੇਵ, ਸ੍ਰੀ ਰਾਮ ਚੰਦਰ, ਸ੍ਰੀ ਰਹੀਮ, ਸ਼੍ਰੀ ਕ੍ਰਿਸ਼ਨ

●

ਦਿਲ ਦੇ ਮਹਿਰਮ ਨੂੰ ਹੀ ਦਿਲ ਦੇ, ਤਖ਼ਤ ਬਿਠਾਇਆ ਜਾਂਦਾ ਹੈ ।
ਇਹ ਵੀ ਸੱਚ ਹੈ ਉਸ ਤੋਂ ਹੀ ਹਰ, ਜ਼ਖ਼ਮ ਛੁਪਾਇਆ ਜਾਂਦਾ ਹੈ ।

ਇਸ਼ਕ ਇਬਾਦਤ ਓਸ ਖ਼ੁਦਾ ਦੀ, ਇਹ ਵੀ ਲੋਕੀਂ ਕਹਿੰਦੇ ਨੇ,
ਪੈਰਾਂ ਦੇ ਵਿੱਚ ਘੁੰਗਰੂ ਬੰਨ੍ਹ ਕੇ, ਯਾਰ ਮਨਾਇਆ ਜਾਂਦਾ ਹੈ ।

ਸ਼ਾਇਰਾਂ ਕੋਲੋਂ ਸੁਣਿਆ ਹੈ ਮੈਂ, ਇਹ ਸ਼ਾਇਰੀ ਕੋਈ ਖੇਡ ਨਹੀਂ,
ਬਹਿਰ-ਵਜ਼ਨ ਦੇ ਨੱਕੇ 'ਚੋਂ, ਹਰ ਸ਼ਿਅਰ ਲੰਘਾਇਆ ਜਾਂਦਾ ਹੈ ।

ਇਨ੍ਹਾਂ ਦੀਦ ਪਿਆਸੇ ਨੈਣਾਂ ਨੂੰ, ਜਦ ਦੀਦ ਸੱਜਣ ਦੀ ਹੁੰਦੀ ਨਹੀਂ,
ਬਿਹਬਲ ਹੋ ਵਾਂਗ ਸ਼ੁਦਾਈਆਂ ਦੇ, ਫਿਰ ਬਿਰਹਾ ਗਾਇਆ ਜਾਂਦਾ ਹੈ ।

ਪ੍ਰੀਤ ਦਿਲਾਂ ਦੀ ਰੀਤ ਹੈ ਹੁੰਦੀ, ਇਸ ਵਿੱਚ ਹੁੰਦੀ ਪਰਖ ਨਹੀਂ,
ਦਿਲਬਰ ਦੀ ਮੁਸਕਾਨ ਦੀ ਖਾਤਿਰ, ਘਰ ਬਾਰ ਲੁਟਾਇਆ ਜਾਂਦਾ ਹੈ ।

ਨਵੀਆਂ ਰਾਹਾਂ 'ਤੇ ਚੱਲ ਕੇ, ਜੋ ਪੈੜਾਂ ਨੂੰ ਪਾ ਜਾਂਦੇ,
ਉਹਨਾਂ ਯੁੱਗ-ਪੁਰਸ਼ਾਂ ਨੂੰ ਜੱਗ 'ਤੇ, ਸੀਸ ਨਿਵਾਇਆ ਜਾਂਦਾ ਹੈ ।

ਇਸ਼ਕ ਦਾ ਸਾਗਰ ਤਰਨਾ ਔਖਾ, ਇਹ ਤਾਂ ਅਕਸਰ ਸੁਣਦੇ ਹਾਂ,
ਫਿਰ ਵੀ ਜਾਨ ਤਲੀ 'ਤੇ ਧਰ ਕੇ, ਇਸ਼ਕ ਕਮਾਇਆ ਜਾਂਦਾ ਹੈ ।

ਉਹੀਓ ਸੂਰਾ ਰਣ ਦੇ ਅੰਦਰ, ਜਾ ਕੇ ਤੇਗ ਚਲਾ ਸਕਦੈ,
ਜਿਸ ਨੂੰ ਅਣਖ ਦੇ ਨਾਲ ਜੀਊਣਾ, ਰੋਜ਼ ਸਿਖਾਇਆ ਜਾਂਦਾ ਹੈ ।

ਕਿਧਰੇ ਭੁੱਲ ਨਾ ਜਾਵਣ ਲੋਕੀਂ, ਦੇਸ਼ ਤੋਂ ਜੋ ਕੁਰਬਾਨ ਹੋਏ,
'ਬੇਕਸ' ਵਾਰਾਂ ਨੂੰ ਸੱਥਾਂ ਵਿੱਚ, ਤਾਈਓਂ ਗਾਇਆ ਜਾਂਦਾ ਹੈ ।

●

ਦੂਤੀ ਕੁਝ ਏਦਾਂ ਦਾ ਕਾਰਾ ਕਰ ਗਿਆ ।
ਅਕਸ ਅਪਣੇ ਤੋਂ ਹਾਂ ਅਕਸਰ ਡਰ ਗਿਆ ।

ਕੀ ਕਹਾਂ ਕਿੰਨੀ ਕੁ ਹੈ ਸੀ ਬੇਕਸੀ,
ਜੀਹਦੇ ਸਾਹਵੇਂ ਹਰ ਮਸੀਹਾ ਹਰ ਗਿਆ ।

ਓਸ ਦੇ ਇਸ਼ਕੇ ਨੂੰ ਮੈਂ ਸਿੱਜਦੇ ਕਰਾਂ,
ਇਸ਼ਕ ਲਈ ਜੁ ਅੱਗ ਦਾ ਸਾਗਰ ਤਰ ਗਿਆ ।

ਤੇਰੇ ਇਸ਼ਕੇ ਵਿਚ ਹੈ ਏਨਾ ਸੇਕ ਕੇ,
ਸ਼ੂਕਦੇ ਦਰਿਆ ਨੂੰ ਸਹਿਰਾ ਕਰ ਗਿਆ ।

'ਕੱਲਿਆਂ ਬੈਠੀ ਡੂੰਗ-ਡੂੰਗੀ ਸੀ ਸੋਚਦੀ,
ਇੱਕੋ ਜੁਮਲਾ ਝੋਲ ਮੇਰੀ ਭਰ ਗਿਆ ।

ਕੀ ਸੁਣਾਵਾਂ ਹਾਲ ਦਿਲ ਦਾ ਕੀ ਕਹਾਂ,
ਏਨਾ ਹਾਂ ਤਪਿਆ ਕਿ ਆਖਿਰ ਠਰ ਗਿਆ ।

ਮੇਰੀ ਤੋਬਾ ! ਹੁਣ ਨਾ ਪੀਵਾਂਗਾ ਹਜ਼ੂਰ,
ਪੀ ਕੇ ਬੋਤਲ ਰਿੰਦ ਵਾਅਦਾ ਕਰ ਗਿਆ ।

ਜ਼ਿਹਨ 'ਚੋਂ ਕੱਢਾਂ ਕਿਵੇਂ ਓਹਦਾ ਖ਼ਿਆਲ,
ਪ੍ਰੀਤ ਨੂੰ ਹੈ ਗ਼ੈਰ ਕੋਈ ਵਰ ਗਿਆ ।

ਸ਼ੂਕਦਾ ਦਰਿਆ ਸੀ 'ਬੇਕਸ' ਜੋ ਕਦੇ,
ਕੰਢਾ ਹੌਲੀ-ਹੌਲੀ ਖਰਦਾ ਖਰ ਗਿਆ ।

●

ਲਹਿੰਦੀ ਉਮਰੇ ਪਿਆਰ, ਨਜ਼ਾਰਾ ਦੇਂਦਾ ਏ ।
ਡੁੱਬਦੀ ਬੇੜੀ ਨੂੰ, ਕਿਨਾਰਾ ਦੇਂਦਾ ਏ ।

ਕਿਸੇ ਪੈਮਾਨੇ ਅੰਦਰ ਵੀ, ਉਹ ਨਸ਼ਾ ਨਈਂ,
ਤੇਰੀ ਅੱਖ ਦਾ ਜੋ, ਇਸ਼ਾਰਾ ਦੇਂਦਾ ਏ ।

ਮੇਰੀ ਨਜ਼ਰੇ ਓਹੀਓ, ਬੰਦਾ ਖਾਲਸ ਹੈ,
ਡਿੱਗਦੇ ਨੂੰ ਜੋ ਆਣ, ਸਹਾਰਾ ਦੇਂਦਾ ਏ ।

ਹਿੰਮਤਾਂ ਵਾਲੇ ਦਰਿਆਵਾਂ ਨੂੰ ਲੰਘ ਜਾਂਦੇ,
ਆਲਸ ਬੰਦੇ ਨੂੰ, ਖਸਾਰਾ ਦੇਂਦਾ ਏ ।

ਕਾਮਾ ਖੂਬ ਬਣਾਵੇ, ਮਹਿਲ-ਚੁਬਾਰੇ ਪਰ,
ਸੁੱਖ ਉਸ ਨੂੰ ਅਪਣਾ, ਢਾਰਾ ਦੇਂਦਾ ਏ ।

ਡੋਬ ਦਵੇ ਬੇੜੀ ਨੂੰ, ਜਦ ਇਹ ਡੁੱਬ ਜਾਵੇ,
ਜਾਂ ਚਮਕੇ ਤਾਂ ਮਾਣ, ਸਿਤਾਰਾ ਦੇਂਦਾ ਏ ।

ਕ੍ਰਿਸ਼ਨ ਦੀ ਬੰਸੀ ਦੇਵੇ, ਜੋ ਸੰਦੇਸ਼ ਸਦਾ,
ਉਹੀਓ ਮੀਰਾਂ ਦਾ, ਇਕਤਾਰਾ ਦੇਂਦਾ ਏ ।

ਬੇੜੀ ਓਦੋਂ ਡਿੱਕੋ-ਡੋਲ਼ੇ ਖਾਂਦੀ ਹੈ,
ਮਾਂਝੀ ਉਸਨੂੰ ਜਦ, ਹੁਲਾਰਾ ਦੇਂਦਾ ਏ ।

'ਬੇਕਸ' ਇਸ਼ਕ ਖੁਮਾਰੀ, ਚੜ੍ਹਦੀ ਖੂਬ ਮਗਰ,
ਰੋਗ ਇਸ਼ਕ ਦਾ, ਹੰਝੂ-ਖਾਰਾ ਦੇਂਦਾ ਏ ।

●

ਮੇਰੇ ਖਵਾਬਾਂ ਵਿੱਚ ਜੋ ਵੱਸਦੀ ਏ, ਐਸੀ ਹੀ ਇੱਕ ਤਸਵੀਰ ਹੈਂ ਤੂੰ ।
ਰਹਿੰਦੀ ਸੈਂ ਕਦੇ ਸਿਆਲਾਂ ਵਿੱਚ, ਜੱਗ ਤੋਂ ਵੱਖਰੀ ਹੀਰ ਹੈਂ ਤੂੰ ।

ਤੇਰੇ ਨੈਣਾਂ ’ਚੋਂ ਮੈਅ ਪੀਂਦਾ ਹਾਂ, ਤੇਰਾ ਨਾਂ ਲੈ ਮੈਂ ਜੀਂਦਾ ਹਾਂ,
ਤੈਨੂੰ ਤੱਕ ਕੇ ਮੈਨੂੰ ਚੈਨ ਮਿਲੇ, ਦਿਲਜਲਾ ਹਾਂ ਮੈਂ ਅਕਸੀਰ ਹੈਂ ਤੂੰ ।

ਤੇਰਾ ਭੇਤ ਖ਼ਾਮੋਸ਼ੀ ਖੋਲ੍ਹ ਰਹੀ, ਤੂੰ ਚਾਹੇ ਕੁਝ ਨਾ ਬੋਲ ਰਹੀ,
ਇਹ ਸੱਚ ਹੈ ਤੂੰ ਵਿਆਕੁਲ ਹੈਂ, ਜੋ ਨਾ ਖੁੱਲ੍ਹੇ ਜ਼ੰਜੀਰ ਹੈਂ ਤੂੰ ।

ਤੇਰੇ ਦਿਲ ’ਚ ਖ਼ੁਸ਼ੀ ਦਾ ਵਾਸ ਰਹੇ, ਨਾ ਕੋਈ ਅਧੂਰੀ ਆਸ ਰਹੇ,
ਤੂੰ ਮੇਰੇ ਦਿਲ ਦੀ ਮਲਿਕਾ ਹੈਂ, ਮੇਰੇ ਖ਼ਾਬਾਂ ਦੀ ਤਾਬੀਰ ਹੈਂ ਤੂੰ ।

ਤੇਰੇ ਹਿਜਰ ’ਚ ਦੁੱਖੜੇ ਸਹਿੰਦਾ ਹਾਂ, ਨਾ ਮੂੰਹੋਂ ਕੁਝ ਵੀ ਕਹਿੰਦਾ ਹਾਂ,
ਮੇਰੇ ਨੈਣਾਂ ’ਚੋਂ ਜੋ ਵਹਿ ਤੁਰਦੈ, ਉਹ ਆਪ ਮੁਹਾਰਾ-ਨੀਰ ਹੈਂ ਤੂੰ ।

ਤੈਨੂੰ ਦਿਲ ਦੇ ਤਖ਼ਤ ਬਿਠਾਵਾਂ ਮੈਂ, ਤੇਰੀ ਹਰ ਇੱਕ ਰੀਝ ਪੁਗਾਵਾਂ ਮੈਂ,
ਮੈਂ ਵੀ ਤੇਰੇ ’ਤੇ ਮਰਦਾ ਹਾਂ, ਜੇ ਮੇਰੇ ਲਈ ਦਿਲਗੀਰ ਹੈਂ ਤੂੰ ।

ਸਬਰਾਂ ਦੀ ਪੂੰਜੀ ਕੋਲ ਤੇਰੇ, ਕਦੇ ਉੱਚੇ ਸੁਣੇ ਨਾ ਬੋਲ ਤੇਰੇ,
ਤੂੰ ਪਾਰ ਕਦੇ ਵੀ ਕੀਤੀ ਨਈ੍ਹਂ, ਖ਼ੁਦ ਵਾਹੀ ਜੋ ਲਕੀਰ ਹੈਂ ਤੂੰ ।

ਰੱਬ ਤੇਰੇ ਵਾਂਗ ਹੀ ਹੋਵੇਗਾ, ਉਹ ਤੈਥੋਂ ਵੱਖ ਕੀ ਹੋਵੇਗਾ,
ਮੈਨੂੰ ਤਾਂ ਏਦਾਂ ਲੱਗਦਾ ਹੈ, ਓਸੇ ਦੀ ਇੱਕ ਤਸਵੀਰ ਹੈਂ ਤੂੰ ।

ਤੇਰੇ ਰੂਪ ਦਾ ਜਾਦੂ ਭਾਰੀ ਹੈ, ਮੈਂ ਦਿਲ ਦੀ ਬਾਜ਼ੀ ਹਾਰੀ ਹੈ,
ਆ ਛੂਹ ਕੇ ਦੇਖਾਂ ਮੈਂ ‘ਬੇਕਸ’, ਕੋਈ ਰੂਹ ਹੈਂ ਜਾਂ ਸਰੀਰ ਹੈਂ ਤੂੰ ।

•

ਅਜ਼ਲਾਂ ਤੋਂ ਤੈਨੂੰ ਪਾਉਣ ਲਈ, ਜੋ ਲੜੀ ਨਾ ਉਹ ਤਦਬੀਰ ਹੈਂ ਤੂੰ ।
ਲੇਕਿਨ ਦਿਲ ਨੂੰ ਧਰਵਾਸ ਹੈ ਇਹ, ਮੇਰੀ ਹਮਦਮ ਮੇਰੀ ਸਫ਼ੀਰ ਹੈਂ ਤੂੰ ।

ਤੈਨੂੰ ਪੂਜਣ ਨੂੰ ਮੇਰਾ ਜੀਅ ਕਰਦੈ, ਤੈਨੂੰ ਰੀਝਣ ਨੂੰ ਮੇਰਾ ਜੀਅ ਕਰਦੈ,
ਤੇਰੇ 'ਚੋਂ ਰੱਬ ਦਾ ਦਰਸ ਕਰਾਂ, ਤੂੰ ਮੁਰਸ਼ਦ, ਮੇਰਾ ਪੀਰ ਹੈਂ ਤੂੰ ।

ਤੇਰਾ ਰੂਪ ਚਾਂਦਨੀ ਵਰਗਾ ਹੈ, ਉਸ ਪੁੰਨਿਆਂ ਦੇ ਚੰਨ ਵਰਗਾ ਹੈ,
ਤੇਰੀ ਸੂਰਤ ਮੈਨੂੰ ਪਿਆਰੀ ਹੈ, ਸੀਰਤ ਵਿੱਚ ਬੇਨਜ਼ੀਰ ਹੈਂ ਤੂੰ ।

ਜਨਮਾਂ ਤੋਂ ਤੈਨੂੰ ਪਿਆਰ ਕਰਾਂ, ਚਾਹ ਇਹੋ ਤੇਰਾ ਦੀਦਾਰ ਕਰਾਂ,
ਅੱਜ ਮੇਰੀ ਕਿਸਮਤ ਖੁੱਲ੍ਹੀ ਏ, ਮੇਰੇ ਸਾਹਵੇਂ ਹੋਈ ਅਖੀਰ ਹੈਂ ਤੂੰ ।

ਤੂੰ ਪਰੀਆਂ ਤੋਂ ਵੱਧ ਸੋਹਣੀ ਏਂ, ਤੇਰੇ ਜਹੀ ਨਾਰ ਨਾ ਹੋਣੀ ਏ,
ਤੇਰੇ ਰੂਪ ਨੇ ਘਾਇਲ ਕੀਤਾ ਹੈ, ਸੀਨੇ ਵਿੱਚ ਖੁੱਭਿਆ ਤੀਰ ਹੈਂ ਤੂੰ ।

ਕੋਈ ਹੀਰੇ-ਹੀਰੇ ਆਖ ਰਿਹਾ, ਕੋਈ ਰਾਹ ਯਾਰ ਦਾ ਝਾਕ ਰਿਹਾ,
ਕੋਈ ਆਖੇ ਦਿਲ ਦੀ ਮਲਿਕਾ ਤੂੰ, ਮੇਰੀ ਨਜ਼ਰੇ, ਨਜ਼ਰ-ਨਜ਼ੀਰ ਹੈਂ ਤੂੰ ।

ਤੇਰੀ ਹੀਰੇ ਚੜ੍ਹਤ ਨਿਰਾਲੀ ਹੈ, ਤੇਰੇ ਮੁੱਖ 'ਤੇ ਨੂਰੀ ਲਾਲੀ ਹੈ,
ਦਿਲ ਮੋਹਿਆ ਮੇਰਾ ਤੂੰ ਹੀਰੇ, ਦਿਲ ਕਹਿੰਦਾ ਮੇਰੀ ਜਗੀਰ ਹੈਂ ਤੂੰ ।

ਤੇਰਾ ਰੂਪ ਤਾਂ ਰੱਬ ਦੀ ਮਾਇਆ ਹੈ, ਜਿਸ ਤੋਂ ਚੰਨ ਵੀ ਸ਼ਰਮਾਇਆ ਹੈ,
ਸਭ ਤੈਨੂੰ ਸਿੱਜਦਾ ਕਰਦੇ ਨੇ, ਚਾਨਣ ਦੀ ਤਹਿਰੀਰ ਹੈਂ ਤੂੰ ।

ਤੇਰੀ ਦੀਦ ਨੂੰ ਸੂਰਜ ਚੜ੍ਹਦਾ ਹੈ, ਤੈਨੂੰ ਚੰਨ ਵੀ ਸਿਜਦੇ ਕਰਦਾ ਹੈ,
'ਬੇਕਸ' ਤੇਰੇ 'ਤੇ ਨਾਜ਼ ਕਰੇ, ਹੀਰੇ ਮੇਰੀ ਤਕਦੀਰ ਹੈਂ ਤੂੰ ।

●

ਅਲਵਿਦਾ ! ਸੁਣ ਮੀਤ ਮੇਰੇ, ਅਲਵਿਦਾ ! ਐ ਮਿਹਰਬਾਨ ।
ਨਾਲ ਅਪਣੇ ਲੈ ਗਿਐਂ ਤੂੰ, ਮੇਰਾ ਸਾਰਾ ਹੀ ਜਹਾਨ ।

ਕਾਵਿ ਦਾ ਸੁਲਤਾਨ ਤੈਨੂੰ, ਆਖਦਾ ਹੈ ਇਹ ਜਹਾਨ ।
ਲੋਕ-ਪੀੜਾ ਆਖਦਾ ਸੈਂ, ਇਹੀ ਤੇਰੀ ਹੈ ਸੀ ਸ਼ਾਨ ।

ਤੇਰਾ ਚਿਹਰਾ ਪੜ੍ਹ ਕੇ ਮੇਰੇ, ਦਿਲ ਨੂੰ ਮਿਲ ਜਾਂਦਾ ਹੈ ਚੈਨ,
ਤੇਰੀ ਸੂਰਤ 'ਚੋਂ ਨੇ ਦਿਸਦੇ, ਗੀਤਾ, ਬਾਈਬਲ ਅਤੇ ਕੁਰਾਨ ।

ਅਜੇ ਤੀਕ ਵੀ ਦਿਲ ਮੇਰੇ 'ਤੇ, ਚੱਲ ਰਿਹਾ ਏ ਤੇਰਾ ਰਾਜ,
ਦਿਲ ਦੇ ਮਨ-ਮੰਦਰ 'ਚ ਤੂੰ ਹੈਂ, ਰੂਹ ਦਾ ਰਾਜਾ ਹੈਂ ਰਾਜਾਨ ।

ਧੜਕਣਾਂ ਵਿਚ ਵਾਸ ਤੇਰਾ, ਦਿਲ ਦੇ ਅੰਦਰ ਘਰ ਹੈ ਤੇਰਾ,
ਤੂੰ ਸਾਹਾਂ ਦੀ ਆਵਣ-ਜਾਵਣ, ਤੂੰਈਓਂ ਦਿਲ ਦਾ ਹੈਂ ਅਰਮਾਨ ।

ਰਾਹ ਤੱਕਾਂ ਮੈਂ ਸੱਜਣਾਂ ਤੇਰਾ, ਨਾਂ ਤੇਰੇ ਦਾ ਬਾਲ ਕੇ ਦੀਵਾ,
ਮੈਨੂੰ ਮਾਲ਼ਾ-ਮਾਲ਼ ਤੂੰ ਕਰ ਦੇ, ਮਿੱਠੇ ਦਰਦਾਂ ਦਾ ਦੇ ਦਾਨ ।

ਅੱਖੀਆਂ ਵਿਚ ਹੈ ਤੇਰੀ ਸੂਰਤ, ਦਿਲ ਦੇ ਅੰਦਰ ਤੇਰੀ ਮੂਰਤ,
ਦਿਲ ਚਾਹੇ ਕਿ ਸਾਹਵੇਂ ਬਹਿ ਕੇ, ਦੇਖਾਂ ਇਕ-ਟੁਕ ਅਪਣੀ ਜਾਨ ।

ਸੁਪਨਿਆਂ ਦਾ ਤੂੰ ਸੁਦਾਗਰ, ਮਹਿਫ਼ਲਾਂ ਦੀ ਜਾਨ ਸੈਂ,
ਖ਼ੂਬ ਤੇਰਾ ਸੀ ਤਰੰਨੁਮ, ਖ਼ੂਬ ਤੇਰੀ ਸੀ ਉਡਾਨ ।

'ਮਹਿਰਮਾ' ਤੂੰ ਕੀ ਕੀ ਹੈਂ ਸੈਂ, ਕੀ ਕਹਾਂ, ਕੀ ਨਾ ਕਹਾਂ,
ਸਮਝ ਨਾ ਆਵੇ ਇਹ 'ਬੇਕਸ', ਮੈਂ ਤਾਂ ਅਸਲੋਂ ਹਾਂ ਨਾਦਾਨ ।

---

ਦੀਵਾਨ ਸਿੰਘ ਮਹਿਰਮ

●

ਨਿਕਲਣ ਸਦਾ ਹੀ, ਦਿਲੋਂ ਇਹ ਦੁਆਵਾਂ ।
ਲੱਗਣ ਨਾ ਤੈਨੂੰ, ਇਹ ਤੱਤੀਆਂ ਹਵਾਵਾਂ ।

ਕਦੇ ਦੀਦ ਹੋਈ, ਨਾ ਗੁਜ਼ਰੇ ਜ਼ਮਾਨੇ,
ਯਾਦਾਂ ਦਾ ਬਿਰਹਾ ਮੈਂ, ਤਨ ’ਤੇ ਹੰਢਾਵਾਂ ।

ਮੁੱਦਤਾਂ ਤੋਂ ਵਿੱਛੜੇ, ਅਸੀਂ ਇੱਕ ਹੋਈਏ,
ਮੰਗਾਂ ਖ਼ੁਦਾ ਤੋਂ, ਮੈਂ ਇਹੋ ਦੁਆਵਾਂ ।

ਇਧਰ ਤੇ ਓਧਰ ਵੀ, ਵੱਸਦੇ ਨੇ ਅਪਣੇ,
ਹਿੰਦ-ਪਾਕਿ ਦੀ ਮੈਂ, ਸਦਾ ਖ਼ੈਰ ਚਾਹਵਾਂ ।

ਦਿਲੀ ਖ਼ਾਹਿਸ਼ ਮੇਰੀ, ਕਦੇ ਜੰਗ ਨਾ ਹੋਵੇ,
ਪਰ੍ਹਾਂ ਰੱਖੀਂ ਜੱਗ ਤੋਂ, ਤੂੰ ਰੱਬਾ ਬਲਾਵਾਂ ।

ਮਿਜ਼ਾਇਲਾਂ ਦੇ ਸਾਏ, ਬੰਬਾਂ ਦੀ ਠਾਹ-ਠੂ,
ਖਤਰੇ ਦੇ ਵਿੱਚ ਅੱਜ, ਦਿਲਕਸ਼ ਫ਼ਿਜ਼ਾਵਾਂ।

ਹਿੰਦ-ਪਾਕਿ ਦੀਆਂ ਜੇ, ਸਰਹੱਦਾਂ ਖੁੱਲ੍ਹਣ,
ਫਿਰ ਵਿੱਚ ਖ਼ੁਸ਼ੀ ਦੇ, ਜਾ ਦੀਵੇ ਜਗਾਵਾਂ ।

ਕਰਮ ਇਹ ਕਮਾਵੀਂ, ਅਮਨ ਰੱਖੀਂ ਮੌਲਾ,
ਬੜੀਆਂ ਨੇ ਕਾਫ਼ਰ, ਇਹ ਕਾਫ਼ਰ ਬਲਾਵਾਂ ।

ਇਹੋ ਰੀਝ ‘ਬੇਕਸ’, ਹੈ ਨਨਕਾਣਾ ਦੇਖਾਂ,
ਬਾਬੇ ਦੀ ਨਗਰੀ ਦੇ, ਦਰਸ਼ਨ ਮੈਂ ਪਾਵਾਂ ।

●

ਅੰਤਾਂ ਦੀ ਮੁਸਕਾਨ ਹੈ ਉਸਦੀ, ਅੰਤਾਂ ਦਾ ਹੈ ਉਸਦਾ ਨਖ਼ਰਾ ।
ਜਿਥੋਂ ਮੈਨੂੰ ਹੀਰ ਹੈ ਲੱਭੀ, ਮੇਰੇ ਲਈ ਉਹ ਸ਼ਹਿਰ ਹੈ ਬਸਰਾ ।

ਮੇਰੇ ਸਾਹਵੇਂ ਕੀ ਇਹ ਪੈਂਡਾ, ਮੈਨੂੰ ਦਿੱਸਦੀ ਪਈ ਹੈ ਮੰਜ਼ਿਲ,
ਮੇਰਾ ਕੀ ਰਾਹ ਇਹ ਰੋਕੇਗਾ, ਦੂਤੀ ਬੇਕਿਰਕ ਚਾਹੇ ਅੱਥਰਾ ।

ਕਿ ਇਹ ਜੀਵਨ ਨਹੀਂ ਸੌਖਾ, ਬੜੇ ਬਿਖੜੇ ਨੇ ਰਾਹ ਇਸ ਦੇ,
ਮਿਹਨਤ ਨਾਲ ਹੈ ਕਰ ਲੈਂਦਾ, ਬੰਦਾ ਰਾਹ ਇਹਦਾ ਪੱਧਰਾ ।

ਕਿ ਉਹ ਜਿਧਰ ਨੂੰ ਵੇਂਹਦੀ ਹੈ, ਸਾਂਵਲਾ ਨਜ਼ਰ ਆਉਂਦਾ ਹੈ,
ਪੁੱਛ ਕੇ ਮੀਰਾਂ ਨੂੰ ਵੇਖੋ, ਕੀ ਹੈ ਕਾਸ਼ੀ, ਕੀ ਮਥਰਾ ।

ਉਹ ਬੰਦਾ ਵੀ ਹੈ ਕੀ ਬੰਦਾ, ਕਿ ਅਹਿਸਾਨਾਂ ਨੂੰ ਜੋ ਭੁੱਲੇ,
ਨਾ-ਸ਼ੁਕਰਾ ਆਖਦੀ ਦੁਨੀਆ, ਮੇਰੀ ਨਜ਼ਰੇ ਉਹ ਬੇ-ਕਦਰਾ ।

ਜਲੇ ਖੰਭ ਨੇ ਮੇਰੇ ਭਾਵੇਂ, ਮੈਂ ਫਿਰ ਵੀ ਅੰਬਰੀਂ ਚੜ੍ਹਣਾ,
ਬੇਸ਼ੱਕ ਮੂੰਹ-ਜ਼ੋਰ 'ਵਾਵਾਂ ਨੇ, ਮੇਰਾ ਪਰ ਹੌਂਸਲਾ ਵੱਖਰਾ ।

ਖ਼ਾਮੋਸ਼ੀ ਏਸ ਲਈ ਪਿਆਰੀ, ਕਿ ਮੇਰੇ ਐਬ ਢੱਕ ਦੇਵੇ,
ਮਗਰ ਦਿਲ ਹੋ ਗਿਆ ਬਾਗੀ, ਤੇ ਸ਼ਿਕਵਾ ਵੀ ਬੜਾ ਅੱਥਰਾ ।

ਬਚਾ ਕੇ ਲਾਜ ਨੂੰ ਰੱਖਣਾ, ਹਵਸ ਦੇ ਲੋਭੀਆਂ ਕੋਲੋਂ,
ਕਿ ਇਸ ਨੂੰ ਦਾਗ ਲੱਗਣ ਦਾ, ਸਦਾ ਬਣਿਆ ਰਹੇ ਖਤਰਾ ।

ਨਾ ਚਾਹਾਂ ਸਾਗਰਾਂ ਦਾ ਜਲ, ਚਾਹ ਏਨੀ ਕੁ ਹੈ 'ਬੇਕਸ',
ਸੁਆਂਤੀ-ਬੂੰਦ ਮਿਲ ਜਾਏ, ਚਾਹੇ ਕਤਰੇ 'ਚੋਂ ਹੀ ਕਤਰਾ ।

●

ਤੇਰੇ ਫ਼ਰਜ਼ਾਂ ਤੇ ਦੋਸ਼ਾਂ ਤੋਂ, ਮੈਂ ਤੈਨੂੰ ਮੁਕਤ ਕਰ ਜਾਵਾਂ ।
ਕਿ ਮੁੱਖ ਤੋਂ ਪੂੰਝ ਕੇ ਹੰਝੂ, ਚਿਹਰੇ ਮੁਸਕਾਨ ਧਰ ਜਾਵਾਂ ।

ਪਿਆਸੀ ਧਰਤ ਜਾਂ ਦੇਖਾਂ, ਮੱਚਲਦੀ ਰੀਝ ਹੈ ਮੇਰੀ,
ਕਿ ਤੇਹ ਉਸਦੀ ਬੁਝਾ ਦੇਵਾਂ, ਬੱਦਲੀ ਬਣ ਕੇ ਵਰ੍ਹ ਜਾਵਾਂ ।

ਨਾ ਹਾਰਣ ਦਾ ਕੋਈ ਝੋਰਾ, ਨਾ ਜਿੱਤਣ ਦਾ ਹੈ ਚਾਅ ਮੈਨੂੰ,
ਕਿ ਇਹ ਹੈ ਖੇਡ ਪ੍ਰੀਤਾਂ ਦੀ, ਮੈਂ ਜਿੱਤਾਂ ਜਾਂ ਕਿ ਹਰ ਜਾਵਾਂ ।

ਖ਼ਾਬ ਵੇਖੇ ਨੇ ਜੋ ਸੋਹਣੇ, ਮੈਂ ਅਪਣੇ ਦਿਲਬਰਾਂ ਖਾਤਿਰ,
ਮਿਰੀ ਇਹ ਤਾਂਘ ਹੈ ਤੀਬਰ, ਉਹ ਸਾਰੇ ਸੱਚ ਕਰ ਜਾਵਾਂ ।

ਇਹ ਜੀਵਨ ਕੀਮਤੀ ਤੋਹਫ਼ਾ, ਨੇ ਕਹਿੰਦੇ ਸੱਚ ਹੀ ਸਾਰੇ,
ਮੈਂ ਕਿੱਦਾਂ ਖਾ ਲਵਾਂ ਮਹੁਰਾ, ਤੇ ਭੰਗ ਦੇ ਭਾੜੇ ਮਰ ਜਾਵਾਂ ।

ਇਹ ਚਾਹੁੰਦਾ ਹਾਂ ਮੈਂ ਅਜ਼ਲਾਂ ਤੋਂ, ਰਵਾਨੀ ’ਚ ਰਹੇ ਪਾਣੀ,
ਨਹੀਂ ਇਸਦਾ ਗਿਲਾ ਕੋਈ, ਮੈਂ ਟੁੱਕੜਾ-ਟੁੱਕੜਾ ਖਰ ਜਾਵਾਂ ।

ਰਿਣੀ ਹਾਂ ਸ਼ਹਿਨਸ਼ਾਹ ਤੇਰਾ, ਇਹ ਮੁਮਕਿਨ ਹੀ ਨਈਂ ਹੁਣ ਤਾਂ,
ਕਿ ਸਾਹਵੇਂ ਮੌਤ ਤੱਕ ਕੇ ਵੀ, ਮੈਂ ਥਿੜਕਾਂ ਜਾਂ ਕਿ ਡਰ ਜਾਵਾਂ ।

ਇਤਨੀ ਮਿਹਰ ਕਰ ਰੱਬਾ ! ਕਿ ਸੁਪਨੇ ਵਿਚ ਵੀ ਭੁੱਲ ਕੇ,
ਇਹ ਖਾਲੀ ਝੋਲ ਲੈ ਅਪਣੀ, ਕਿਸੇ ਮਾਨਵ ਦੇ ਦਰ ਜਾਵਾਂ ।

ਨਾਨਕ-ਦਰ ਦੇ ਸੰਗ ਜੁੜ ਕੇ, ਇਹ ਬੱਝੀ ਆਸ ਹੈ ‘ਬੇਕਸ’,
ਇੱਕ ਪੱਥਰ ਹੀ ਹਾਂ ਚਾਹੇ, ਇਹ ਸੰਭਵ ਹੈ ਕਿ ਤਰ ਜਾਵਾਂ ।

●

ਸਿੱਧੇ-ਸਾਦੇ ਸ਼ਬਦਾਂ ਦੇ ਵਿੱਚ, ਸ਼ਿਅਰਾਂ ਵਿਚ ਪਰਵਾਜ਼ ਭਰਾਂ।
ਪੀੜਾਂ ਮਾਰੇ ਲੋਕਾਂ ਸਿਰ ਮੈਂ, ਨਾ ਬੇਲੋੜਾ ਭਾਰ ਧਰਾਂ।

ਪੀੜਾਂ ਸਹਿਣ ਦਾ ਆਦੀ ਹੋਇਆਂ, ਨਾ ਪੀੜਾਂ ਤੋਂ ਮੂਲ਼ ਡਰਾਂ।
ਪੀੜਾਂ ਨੂੰ ਕਰ ਪਾਣੀ-ਪਾਣੀ, ਨਿੱਤ ਪੀੜਾਂ ਦੀ ਚੂਲ਼ ਭਰਾਂ।

ਚੋਰ-ਲੁਟੇਰੇ-ਡਾਕੂ ਰਲ਼ ਗਏ, ਨਿਗਲ ਰਹੇ ਨੇ ਪਿੰਡ-ਗਰਾਂ।
ਡੰਡੀਆਂ, ਵੱਟਾਂ, ਪਹੇ ਨਾ ਲੱਭਣ, ਕਿਸ ਨਾਲ ਸਾਂਝੇ ਦੁੱਖ ਕਰਾਂ ?

ਲੋਕਤਾ-ਪੱਖੀ ਸ਼ਾਇਰ ਮੈਨੂੰ, ਅਕਸਰ ਲੋਕੀਂ ਕਹਿੰਦੇ ਨੇ,
ਪੀੜ-ਪਰੁੱਤੀ ਲੋਕਾਈ ਦੇ, ਕੀਕਣ ਰੱਬਾ ! ਦੁੱਖ ਹਰਾਂ ?

ਏਸ ਅਜੋਕੇ ਦੌਰ ਨੇ ਮੇਰੇ, ਮੱਥੇ ਖੁਣ ਦਿੱਤੈ ਪਰਵਾਸ,
ਨਿੱਘੇ ਰਿਸ਼ਤਿਆਂ ਖ਼ਾਤਿਰ ਮੈਂ, ਦਿਲ 'ਤੇ ਪੱਥਰ ਰੋਜ਼ ਜਰਾਂ।

ਘੁਰਨੇ ਦੇ ਵਿਚ ਤਾੜ ਕੇ ਆਖਣ, ਅੱਜ ਤੋਂ ਇਹੀ ਘਰ ਤੇਰਾ,
ਛੱਤ-ਵਿਹੂਣੇ ਇੱਕ ਘੁਰਨੇ ਨੂੰ, ਕਿੱਦਾਂ ਘਰ ਮਨਜ਼ੂਰ ਕਰਾਂ ?

ਉੱਤਲੇ ਪਾਣੀ ਤੈਰਣ ਜੋ ਉਹ, ਪਰਤਣ ਖਾਲੀ ਹੱਥ ਸਦਾ,
ਸੁੱਚੇ-ਮੋਤੀ ਲੱਭਣ ਲਈ ਮੈਂ, ਸਾਗਰ ਡੂੰਘੇ ਰੋਜ਼ ਤਰਾਂ।

ਘੁਰਨੇ ਕਦੇ ਵੀ ਘਰ ਨਈਂ ਹੁੰਦੇ, ਨਾ ਘੁਰਨੇ ਨੂੰ ਘਰ ਕਹੋ,
ਘੁਰਨੇ ਅੰਦਰ ਜੀਣ ਦੇ ਨਾਲੋਂ, ਬਿਹਤਰ ਰੜੇ ਮੈਦਾਨ ਮਰਾਂ।

ਸੱਜਣ ਮੈਨੂੰ ਜਾਨ ਤੋਂ ਪਿਆਰੇ, ਸੱਜਣਾਂ ਨਾਲ ਹੀ ਸ਼ਾਨ ਮੇਰੀ,
ਸੱਜਣਾਂ ਦੇ ਦੀਦਾਰ ਲਈ ਮੈਂ, 'ਬੇਕਸ' ਕੱਕਰੀ-ਰਾਤ ਠਰਾਂ।

●

ਮੈਂ ਅਜ਼ਲਾਂ ਤੋਂ ਪ੍ਰੀਤ-ਪੁਜਾਰੀ, ਪ੍ਰੀਤ ਦੇ ਸੋਹਿਲੇ ਗਾਉਂਦਾ ਹਾਂ ।
ਦਿਲ ਦਾ ਮਾਸ ਖੁਆ ਕੇ ਵੀ, ਮੈਂ ਬੇਵਫ਼ਾ ਕਹਿਲਾਉਂਦਾ ਹਾਂ ।

ਪ੍ਰੀਤਾਂ ਦੇ ਬੂਟੇ ਨੂੰ ਪਾਣੀ, ਰੀਝਾਂ ਦੇ ਸੰਗ ਲਾਉਂਦਾ ਹਾਂ ।
ਮਹਿਕਾਂ ਵੰਡੇਗਾ ਇਹ ਜੱਗ ਨੂੰ, ਦਿਲ ਨੂੰ ਧੀਰ ਬੰਨ੍ਹਾਉਂਦਾ ਹਾਂ ।

ਤੂੰਈਓਂ ਮੇਰੀ ਹੀਰ ਸਲੇਟੀ, ਸੱਸੀ-ਸੋਹਣੀ-ਸਹਿਬਾਂ ਹੈਂ,
ਤੇਰੇ ਲਈ ਮੈਂ ਖ਼ਾਬ ਸਜਾ ਕੇ, ਜਨਮਾਂ ਤੋਂ ਪਰਨਾਉਂਦਾ ਹਾਂ ।

ਹਰ ਇੱਕ ਤਾਲੇ ਦੀ ਚਾਬੀ ਹੈ, ਹਰ ਚਾਬੀ ਲਈ ਤਾਲਾ ਹੈ,
ਮੁਸ਼ਕਿਲ ਸਾਹਵੇਂ ਤਣ ਜਾਂਦਾ ਹਾਂ, ਉਸਨੂੰ ਸਦਾ ਹਰਾਉਂਦਾ ਹਾਂ ।

ਜੱਗ ਪ੍ਰੀਤਾਂ ਦਾ ਵੈਰੀ ਭਾਵੇਂ, ਜੰਗ ਅਜੇ ਪਰ ਜਾਰੀ ਹੈ,
ਦੂਤੀ ਅਪਣਾ ਤਾਣ ਲਗਾਵੇ, ਮੈਂ ਵੀ ਤਾਣ ਲਗਾਉਂਦਾ ਹਾਂ ।

ਦਿਲ ਦੇ ਮਹਿਲੀਂ ਘੁੱਪ-ਹਨੇਰਾ, ਆਸ ਮੇਰੀ ਨਿੱਤ ਛਲਦੀ ਹੈ,
ਆਸ ਦੇ ਦੀਵੇ ਤੇਲ ਜਿਗਰ ਦਾ, ਇੱਕ ਅਰਸੇ ਤੋਂ ਪਾਉਂਦਾ ਹਾਂ ।

ਸੱਜਣ ਮੈਨੂੰ ਜਾਨ ਤੋਂ ਪਿਆਰੇ, ਸੱਜਣਾਂ ਖਾਤਿਰ ਜੀਵਾਂ ਮੈਂ,
ਸੱਜਣਾਂ ਦੇ ਸੰਗ ਖੁਸ਼ੀ ਮਨਾਵਾਂ, ਰਲ਼ ਕੇ ਦਰਦ ਵੰਡਾਉਂਦਾ ਹਾਂ ।

ਨੀਰੋ ਜਾਂ ਮੈਂ ਤੁਗਲਕ ਤਾਂ ਨਹੀਂ, ਖੋਜੀ ਬਿਰਤੀ ਮੇਰੀ ਹੈ,
ਕਸਵੱਟੀ 'ਤੇ ਖਰਾ ਮੈਂ ਉਤਰਾਂ, ਪਰ ਸਜ਼ਾਵਾਂ ਪਾਉਂਦਾ ਹਾਂ ।

'ਬੇਕਸ' ਨਾਂ ਨਾਲ ਲਿਖਦਾ ਹਾਂ, ਬੇਕਸ ਖ਼ੁਦ ਨੂੰ ਮੰਨਦਾ ਨਈ੍ਹਂ,
ਲਾਚਾਰੀ ਸਾਹਵੇਂ ਡਟ ਜਾਂਦਾ ਹਾਂ, ਉਸਨੂੰ ਧੂੜ ਚਟਾਉਂਦਾ ਹਾਂ ।

●

ਦੀਦ ਨੂੰ ਦੀਦਾਰ ਲੈ ਕੇ ਬਹਿ ਗਿਆ ।
ਅੱਖੀਆਂ ਦਾ ਵਾਰ ਲੈ ਕੇ ਬਹਿ ਗਿਆ ।

ਹੀਰਾਂ ਨੂੰ ਸੰਸਾਰ, ਲੈ ਕੇ ਬਹਿ ਗਿਆ ।
ਰਾਂਝਿਆਂ ਨੂੰ ਪਿਆਰ, ਲੈ ਕੇ ਬਹਿ ਗਿਆ ।

ਹੁਸਨ ਨੂੰ ਸ਼ਿੰਗਾਰ, ਲੈ ਕੇ ਬਹਿ ਗਿਆ ।
ਇਸ਼ਕ ਨੂੰ ਹੰਕਾਰ, ਲੈ ਕੇ ਬਹਿ ਗਿਆ ।

ਹੁਸਨ ਦੀ ਸ਼ੋਖ਼ੀ ਸੀ, ਉਹ ਇਕਰਾਰ ਨਈਂ,
ਦਿਲਜਲੇ ਨੂੰ ਯਾਰ, ਲੈ ਕੇ ਬਹਿ ਗਿਆ ।

ਤਾਈਓਂ ਆਵਾਰਾ, ਫਿਰਾਂ ਮੈਂ ਦਰ-ਬ-ਦਰ,
ਦਿਲ ’ਤੇ ਹੋਇਆ ਵਾਰ, ਲੈ ਕੇ ਬਹਿ ਗਿਆ ।

ਹਾਇ ! ਇਸ ਬਿਰਹਾ ਦਾ, ਯਾਰੋ ਕੀ ਕਰਾਂ ?
ਸ਼ਿਵ ਜਿਹਾ ਫਨਕਾਰ, ਲੈ ਕੇ ਬਹਿ ਗਿਆ ।

ਤੇਰੀ ਆਮਦ ਲਈ, ਸਜਾਏ ਖ਼ੁਆਬ ਸੀ,
ਹੱਥੀਂ ਫੜਿਆ ਹਾਰ, ਲੈ ਕੇ ਬਹਿ ਗਿਆ ।

ਜੇ ਸੁਣੇ ਅੱਜ, ਦਿਲ ਦੀ ਗੱਲ ਮੈਂ ਕਹਿ ਦਿਆਂ,
ਤੇਰਾ ਹਰ ਇਕਰਾਰ, ਲੈ ਕੇ ਬਹਿ ਗਿਆ ।

ਡੁੱਬਿਆ ਆਖਿਰ ਨੂੰ, ‘ਬੇਕਸ’ ਡੁੱਬਿਆ,
ਬੇੜੀ ਨੂੰ ਪਤਵਾਰ, ਲੈ ਕੇ ਬਹਿ ਗਿਆ ।

●

ਦਿਲ ਦੇ ਕੇ ਦਿਲਦਾਰ ਮਿਲ ਗਿਆ ।
ਸੁਫ਼ਨਾ ਹੋ ਸਾਕਾਰ ਮਿਲ ਗਿਆ ।

ਹੁਸਨ ਦੀ ਬੱਲੇ-ਬੱਲੇ ਹੋ ਗਈ,
ਇਸ਼ਕੇ ਨੂੰ ਇਤਬਾਰ ਮਿਲ ਗਿਆ ।

ਖ਼ਾਹਿਸ਼ਾਂ ਦੀ ਗੱਲ ਪਿੱਛੇ ਰਹਿ ਗਈ,
ਰਾਂਝਣ-ਮਾਹੀ-ਯਾਰ ਮਿਲ ਗਿਆ ।

ਹਰ ਹਸਰਤ ਨੂੰ ਬੂਰ ਪਿਆ ਏ,
ਆਖਿਰ ਪਹਿਲਾ ਪਿਆਰ ਮਿਲ ਗਿਆ ।

ਜਿਹੜਾ ਦਿਲ ਨੂੰ ਧੀਰਜ ਦੇਵੇ,
ਓਹੀਓ ਸ਼ਾਹ-ਅਸਵਾਰ ਮਿਲ ਗਿਆ ।

ਹੁਣ ਇਹ ਰਾਹੀ ਪਾਰ ਹੋ ਜਾਊ,
ਬੇੜੀ ਨੂੰ ਪਤਵਾਰ ਮਿਲ ਗਿਆ ।

ਅੱਖੀਆਂ ਨੂੰ ਜਦ ਦੀਦ ਹੋ ਗਈ,
ਦਿਲ ਦਾ ਕੌਲ-ਕਰਾਰ ਮਿਲ ਗਿਆ ।

ਜਿਸ ਅਣਖੀ ਦੀ ਭਾਲ ਸੀ ਸਾਨੂੰ,
ਆਖਿਰ ਉਹ ਸਿਰਦਾਰ ਮਿਲ ਗਿਆ ।

ਸੋਚ ਮੁਸੱਵਰ ਦੀ ਨੂੰ 'ਬੇਕਸ',
ਆਖਿਰ ਇੱਕ ਆਕਾਰ ਮਿਲ ਗਿਆ ।

●

ਜੋ ਲੋਕ ਸਮੇਂ ਦੇ ਹਾਣ ਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?
ਜੋ ਦਿਲ ਦਾ ਦਰਦ ਪਛਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਹੈ ਤੋਰ ਸਮੇਂ ਦੀ ਬਦਲ ਗਈ, ਅੱਜ ਕੱਖੋਂ ਹੌਲਾ ਹੋਇਆ ਹਾਂ,
ਜੋ ਮੇਰੀ ਰਗ-ਰਗ ਜਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਹਰ ਸ਼ੈਅ ਹਾਜ਼ਰ ਕਰਦੇ ਸੀ, ਤੇ ਪਿਆਰ ਬੜਾ ਜਤਲਾਉਂਦੇ ਸੀ,
ਜਿਨ੍ਹਾਂ ਸੰਗ ਖੁਸ਼ੀਆਂ ਮਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਖਵਰੇ ਉਹ ਕਿਹੜੇ ਲੋਕ ਦੇ ਸਨ, ਤੇ ਖ੍ਵਰੇ ਕਿਹੜੀ ਮਿੱਟੀ ਦੇ,
ਤੇਰਾ-ਮੇਰ ਨਾ ਜਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਮਜ਼ਲੂਮ ਦੀ ਰਾਖੀ ਕਰਦੇ ਸੀ, ਨਾ ਕੀਤੇ ਕੌਲ਼ ਤੋਂ ਫਿਰਦੇ ਸੀ,
ਵਾਅਦੇ ਦਾ ਮੁੱਲ ਪਹਿਚਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਸਿਰ ਧੜ ਦੀ ਬਾਜ਼ੀ ਲਾਉਂਦੇ ਸੀ, ਦੁਸ਼ਮਣ ਨੂੰ ਨਾਚ ਨਚਾਉਂਦੇ ਸੀ,
ਜੋ ਅਣਖੀ ਰਾਖੇ ਆਣ ਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਨਾ ਪਿੱਛੇ ਕਦਮ ਹਟਾਂਦੇ ਸੀ, ਮੰਜ਼ਿਲ ਵੱਲ ਵੱਧਦੇ ਜਾਂਦੇ ਸੀ,
ਜੋ ਹਰ ਮੁਸ਼ਕਿਲ ਦੇ ਹਾਣ ਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਸ਼ੇਰਾਂ ਜਿਹਾ ਜਿਗਰਾ ਰੱਖਦੇ ਸੀ, ਤੇ ਭੀੜਾਂ ਦਾ ਰਾਹ ਡੱਕਦੇ ਸੀ,
ਝੁੰਡਾਂ ਨੂੰ ਹਰਾਉਣਾ ਜਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

ਪਰਖੇ ਹੋਏ ਉਹ ਮਿੱਤਰ ਸੀ, ਤੇ ਮਿੱਤਰਾਂ ਦੇ ਮਿੱਤਰ ਸੀ,
'ਬੇਕਸ' ਜੋ ਛੱਤਰੀ ਤਾਣਦੇ ਸੀ, ਉਹ ਮਹਿਰਮ ਹੁਣ ਕਿੱਥੇ ਨੇ ?

●

ਮੇਰੀ ਚਾਹਤ ਨੂੰ ਅਪਣਾ ਕੇ, ਜਦੋਂ ਦਾ ਵਰ ਗਿਆ ਕੋਈ ।
ਮੇਰੇ ਨੈਣਾਂ 'ਚ ਸੂਹੇ ਸ਼ੋਖ਼, ਸੁਪਨੇ ਧਰ ਗਿਆ ਕੋਈ ।

ਮੇਰੇ ਸੱਧਰਾਂ ਦੇ ਬੂਟੇ ਨੂੰ, ਬੇਦਰਦੀ ਚਰ ਗਿਆ ਕੋਈ ।
ਨਾ ਛੱਡੀ ਸ਼ਾਖ਼ ਉਸ ਇੱਕ ਵੀ, ਨਿਪੱਤਰਾ ਕਰ ਗਿਆ ਕੋਈ ।

ਨਾ ਹਿਲਜੁਲ ਹੀ ਕੋਈ ਕੀਤੀ, ਨਾ ਖੋਲ੍ਹੀ ਅੱਖ ਫਿਰ ਉਸਨੇ,
ਗ਼ਮਾਂ ਦੇ ਭੱਠ ਵਿੱਚ ਤੱਪਦਾ, ਵੀ ਐਨਾ ਠਰ ਗਿਆ ਕੋਈ ।

ਨਜ਼ਾਕਤ ਵੀ ਤੇ ਸ਼ੋਖ਼ੀ ਵੀ, ਖ਼ੁਸ਼ੀ ਦਾ ਦੌਰ ਤੇ ਝੇਰੇ,
ਕਿ ਇਸ ਰੰਗਲੀ ਮੁਹੱਬਤ ਵਿਚ, ਕਈ ਰੰਗ ਭਰ ਗਿਆ ਕੋਈ ।

ਸਾਰਾਗੜ੍ਹੀ ਦੀ ਜੰਗ ਲੜੀ ਸੀ, ਜਾਨਾਂ ਉੱਤੇ ਹੂਲ਼ ਕੇ,
ਕਿ ਇੱਕੀ ਯੋਧਿਆਂ ਦੇ ਸੰਗ, ਮੇਚ ਨਾ ਬਰ ਗਿਆ ਕੋਈ ।

ਮੇਰੇ ਮਹਿਬੂਬ ਦੀ ਸੂਰਤ, ਅਦਾ, ਅਜ਼ਮਤ ਸਦਾ ਵੱਖਰੀ,
ਦਿਲ ਦੀ ਕਹਿ ਗਿਆ ਕੋਈ, ਤੇ ਸਿਜਦਾ ਕਰ ਗਿਆ ਕੋਈ ।

ਰਿਹਾ ਨਾ ਦਿਲ ’ਤੇ ਫਿਰ ਕਾਬੂ, ਉੱਡੀ ਚਿਹਰੇ ਤੋਂ ਸਭ ਰੌਣਕ,
ਕਿ ਤੱਕ ਕੇ ਅਕਸ ਸ਼ੀਸ਼ੇ ’ਚੋ, ਜਦੋਂ ਵੀ ਡਰ ਗਿਆ ਕੋਈ ।

ਸ਼ੁਰੂ ਤੋਂ ਏਸ ਇਸ਼ਕੇ ਦਾ, ਮਹਿਜ਼ ਇਤਨਾ ਫਸਾਨਾ ਹੈ,
ਜਫ਼ਾ ਕਰ ਜਿੱਤ ਗਿਆ ਕੋਈ, ਵਫ਼ਾ ਕਰ ਹਰ ਗਿਆ ਕੋਈ ।

ਪੱਥਰ ਦਿਲ ਵੀ ਪਿਘਲੇ ਪਰ, ਨਾ ਅਰਜ਼ ਸੁਣੀ ਕੁਈ ਪੱਥਰ ਨੇ,
‘ਬੇਕਸ’ ਹੰਝੂ ਹੀ ਪੀਂਦਾ, ਆਖਿਰ ਮਰ ਗਿਆ ਕੋਈ ।

●

ਯਾਦਾਂ ਦੀ ਸਰਦਲ 'ਤੇ ਨਿਸਦਿਨ, ਦੀਪ ਜਗਾਉਂਦਾ ਰਹਿੰਦਾ ਹਾਂ ।
ਕਾਲਖ਼ ਮਾਰੇ ਹਰ ਪਲ ਨੂੰ, ਮੈਂ ਰੁਸ਼ਨਾਉਂਦਾ ਰਹਿੰਦਾ ਹਾਂ ।

ਆਉਣ ਦਾ ਵਾਅਦਾ ਕਰਕੇ ਜਿਨ੍ਹਾਂ, ਰਾਹਾਂ 'ਤੇ ਸੈਂ ਪਰਤ ਗਈ,
ਮੈਂ ਉਹਨਾਂ ਰਾਹਾਂ 'ਤੇ ਅੱਜ ਵੀ, ਨੈਣ ਵਿਛਾਉਂਦਾ ਰਹਿੰਦਾ ਹਾਂ ।

ਜਿਸ ਚੰਨ ਨੂੰ ਦਿਲ ਹਰਿਆ ਸੀ ਮੈਂ, ਮੁੜ ਨਾ ਉਸਦੀ ਦੀਦ ਹੋਈ,
ਪ੍ਰੀਤਾਂ ਵਾਲੇ ਸੁੱਚੇ ਚੰਨ ਨੂੰ, ਅਰਘ ਚੜ੍ਹਾਉਂਦਾ ਰਹਿੰਦਾ ਹਾਂ ।

ਅਜ਼ਲਾਂ ਤੋਂ ਬਰਸਾਤ ਨਾ ਹੋਈ, ਦਿਲ ਦੀ ਬੰਜਰ ਧਰਤੀ 'ਤੇ,
ਦਿਲ ਨੂੰ ਲਾ ਬਰਸਾਤ ਦਾ ਲਾਰਾ, ਮੈਂ ਪਰਚਾਉਂਦਾ ਰਹਿੰਦਾ ਹਾਂ ।

ਮਿਲੀ ਨਾ ਮੈਨੂੰ ਮੰਜ਼ਿਲ ਭਾਵੇਂ, ਨਾ ਮੰਜ਼ਿਲ ਦਾ ਪਤਾ ਮਿਲੇ,
ਰਾਹੋਂ ਭਟਕੇ ਰਾਹੀਆਂ ਨੂੰ ਮੈਂ, ਰਾਹ ਦਿਖਲਾਉਂਦਾ ਰਹਿੰਦਾ ਹਾਂ ।

ਦੇਸ਼ ਬਿਗਾਨੇ ਚਲੀ ਗਈ ਏਂ, ਮਿਲਣੇ ਦੀ ਹੁਣ ਆਸ ਨਹੀਂ,
ਲੇਕਿਨ ਸੁਪਨੇ ਦੇ ਵਿੱਚ ਤੈਨੂੰ, ਨਿੱਤ ਪਰਨਾਉਂਦਾ ਰਹਿੰਦਾ ਹਾਂ ।

ਮਿਹਨਤ-ਕਸ਼ਾਂ ਦਾ ਸਾਥੀ ਹਾਂ ਮੈਂ, ਸਾਥ ਉਹਨਾਂ ਦਾ ਦੇਵਣ ਲਈ,
ਕਦੇ ਮਾਰਕਸੀ, ਲੈਨਿਨਵਾਦੀ, ਭੇਸ ਵਟਾਉਂਦਾ ਰਹਿੰਦਾ ਹਾਂ ।

ਅਸਾਂ ਜੋ ਰਲ਼ ਕੇ ਨਗਮਾ ਗਾਇਆ, ਕੀਕਣ ਤੈਨੂੰ ਭੁੱਲ ਗਿਆ,
ਤੇਰੀ ਯਾਦ 'ਚ ਉਹ ਨਗਮਾ ਮੈਂ, ਰੋਜ਼ ਹੀ ਗਾਉਂਦਾ ਰਹਿੰਦਾ ਹਾਂ ।

ਇਹ ਕਹਿ ਗਈ ਸੈਂ ਜਾਂਦੀ ਵਾਰੀ, ਫੇਰ ਜਨਮ ਲੈ ਆਵਾਂਗੀ,
'ਬੇਕਸ' ਜਦ ਵੀ ਆਸ ਹੈ ਟੁੱਟਦੀ, ਧੀਰ ਬੰਨ੍ਹਾਉਂਦਾ ਰਹਿੰਦਾ ਹਾਂ ।

●

ਦਗ਼ਾਬਾਜ਼ਾਂ ਦੀ ਚਿਲ਼ਮ ਨੂੰ, ਨਾ ਭੋਰਾ ਵੀ ਹਵਾ ਦਈਏ ।
ਕਿ ਜਰਜਰ ਹੋ ਗਿਆ ਤੰਤਰ, ਨਵੀਂ ਰੂਹ ਜਾਨ ਪਾ ਦਈਏ ।

ਕਿ ਅੱਜ ਕਿਰਸਾਨ ਹੈ ਬੇਬਸ, ਘਾਟ ਅਸਲੇ ਦੀ ਫੌਜਾਂ ਨੂੰ,
ਆਓ ! ਹੁਣ ਮਾਰ ਕੇ ਹੰਭਲਾ, ਕਿ ਹਾਕਮ ਨੂੰ ਜਗਾ ਦਈਏ ।

ਉਹ ਵੰਡ ਕੇ ਗਿਆਨ ਦਾ ਚਾਨਣ, ਚੁਗਿਰਦਾ ਕਰ ਦਊ ਰੌਸ਼ਨ,
ਜੇ ਹਿੰਮਤ ਕਰਕੇ ਕੁਝ ਆਪਾਂ, ਕਿ ਇੱਕ ਬੱਚੀ ਪੜ੍ਹਾ ਦਈਏ ।

ਕਿ ਜਿਥੇ ਬਾਲ ਦਾ ਬਚਪਨ, ਕਾਸਾ ਫੜ ਫਿਰੇ ਦਰ-ਦਰ,
ਐਸੇ ਬੇ-ਕਿਰਕ ਤੰਤਰ ਨੂੰ, ਅਸੀਂ ਮੁੱਢੋਂ ਜਲਾ ਦਈਏ ।

ਇਹ ਚੰਚਲ ਸ਼ੂਕਦੀ ਨਿਰਮਲ, ਹਵਾ ਹੁਣ ਹੋ ਗਈ ਜ਼ਹਿਰੀ,
ਨਹੀਂ ਹੁਣ ਹੋਰ ਕੋਈ ਚਾਰਾ, ਤੇ ਆਪਾਂ ਰੁੱਖ ਲਗਾ ਦਈਏ ।

ਹਿੰਦੂ-ਸਿੱਖ-ਈਸਾਈ ਵੀ, ਇੱਕੋ ਧਾਗੇ ਪਰੁੱਤੇ ਨੇ,
ਜੋ ਵੰਡੀ ਪਾਵੇ ਇਹਨਾਂ 'ਚ, ਉਹਦੀ ਹਸਤੀ ਮਿਟਾ ਦਈਏ ।

ਜਿਥੇ ਗੂੰਜੇ ਨਾ ਕਿਲਕਾਰੀ, ਛਣਕੇ ਵੰਗ ਨਾ ਝਾਂਜਰ ਹੀ,
ਉਸ ਤੋਂ ਘਰ ਦਾ ਖੋਹ ਰੁਤਬਾ, ਉਦ੍ਹਾ ਰੁਤਬਾ ਘਟਾ ਦਈਏ ।

ਕਿ ਲਾਉਂਦਾ ਰੋਜ਼ ਜੋ ਲਾਰੇ, ਨਿਭਾਵੇ ਕੌਲ਼ ਨਾ ਅਪਣੇ,
ਆਓ ! ਇੱਕ-ਮੁੱਠ ਹੋ ਸਾਰੇ, ਕਿ ਹਾਕਮ ਨੂੰ ਸਜ਼ਾ ਦਈਏ ।

ਮਿਰੇ ਇਸ ਦੇਸ਼ ਦੀ ਧਰਤੀ, ਬੜੀ ਜ਼ਰਖ਼ੇਜ਼ ਹੈ 'ਬੇਕਸ',
ਉਗਾ ਕੇ ਚੋਖੀਆਂ ਫਸਲਾਂ, ਹਰ ਇਕ ਜੀਅ ਰਜਾ ਦਈਏ ।

●

ਚਿੱਠੀਆਂ ਲਿਖ ਲਿਖ ਪਾਵਾਂ ਤੈਨੂੰ ।
ਦਿਲ ਦੇ ਤਖ਼ਤ ਬਿਠਾਵਾਂ ਤੈਨੂੰ ।

ਤੇਰੇ ਲਈ ਮੈਂ ਸੁਪਨਾ ਹੋਈ,
ਭੁੱਲ ਗਿਆ ਸਿਰਨਾਵਾਂ ਤੈਨੂੰ ।

ਸੁਪਨੇ ਦੇ ਵਿਚ ਜਦ ਵੀ ਆਵੇਂ,
ਘੁੱਟ-ਘੁੱਟ ਸੀਨੇ ਲਾਵਾਂ ਤੈਨੂੰ ।

ਹਸਰਤ ਮੇਰੇ ਦਿਲ ਦੀ ਚੰਨਾ,
ਦਿਲ ਦਾ ਹਾਲ ਸੁਣਾਵਾਂ ਤੈਨੂੰ ।

ਬਿਰਹੋਂ ਮਾਰੀ ਜਦ ਵੀ ਗਾਵਾਂ,
ਬੱਸ ਤੈਨੂੰ ਹੀ ਗਾਵਾਂ ਤੈਨੂੰ ।

ਸਹੁੰ ਮੈਨੂੰ ਅਪਣੀ ਹੀ ਲੱਗੇ,
ਕਦੇ ਵੀ ਜੇ ਸਤਾਵਾਂ ਤੈਨੂੰ ।

ਤੂੰਈਓਂ ਮੇਰੇ ਦਿਲ ਦੇ ਅੰਦਰ,
ਸੀਨਾ ਚੀਰ ਵਿਖਾਵਾਂ ਤੈਨੂੰ ।

ਤੂੰ ਭੁੱਲਿਆਂ ਹੈਂ ਸ਼ਾਇਦ ਮੈਨੂੰ,
ਕੀਕਣ ਦੱਸ ਭੁਲਾਵਾਂ ਤੈਨੂੰ ?

ਮੋੜ ਮੁਹਾਰਾਂ ਆ ਜਾ 'ਬੇਕਸ',
ਚੂਰੀਆਂ ਕੁੱਟ ਖੁਆਵਾਂ ਤੈਨੂੰ ।

●

ਦਿਲ ਦੇ ਤਖ਼ਤ ਬਿਠਾਇਐ ਤੈਨੂੰ ।
ਮਹਿਰਮ-ਯਾਰ ਬਣਾਇਐ ਤੈਨੂੰ ।

ਸੁਪਨੇ ਦੇ ਵਿਚ ਜੱਗੋਂ ਚੋਰੀ,
ਘੁੱਟ-ਘੁੱਟ ਸੀਨੇ ਲਾਇਐ ਤੈਨੂੰ ।

ਮਹਿਫ਼ਲ ਦੇ ਵਿਚ ਜਦ ਵੀ ਗਾਇਐ,
ਹਰ ਵਾਰੀ ਮੈਂ ਗਾਇਐ ਤੈਨੂੰ ।

ਢੇਰੀ ਹੋਈਆਂ ਆਸਾਂ ਸਭੇ
ਜਦ ਵੀ ਖ਼ਤ ਮੈਂ ਪਾਇਐ ਤੈਨੂੰ ।

ਪ੍ਰੀਤ ਦੇ ਲੱਖਾਂ ਦਾਅਵੇ ਤੇਰੇ,
ਐਪਰ ਨਾ ਅਜ਼ਮਾਇਐ ਤੈਨੂੰ ।

ਤੂੰ ਗ਼ੈਰਾਂ ਦੇ ਵਿਹੜੇ ਨੱਚੇਂ,
ਦਿਲ ਦਾ ਮਾਸ ਖੁਆਇਐ ਤੈਨੂੰ ।

ਏਸ ਤੋਂ ਉਪਰ ਹੋਰ ਕਹਾਂ ਕੀ,
ਬੱਸ ਤੈਨੂੰ ਹੀ ਚਾਹਿਐ ਤੈਨੂੰ ।

ਤੂੰ ਮੇਰੀ ਮੈਂ ਦਿਲ ਤੋਂ ਤੇਰਾ,
ਲੋਕ ਕਹਿਣ ਨਾ ਪਾਇਐ ਤੈਨੂੰ ।

'ਬੇਕਸ' ਦੇ ਨਾਲ ਜਦ ਵੀ ਰੁੱਸਿਐਂ,
ਤਰਲਿਆਂ ਨਾਲ ਮਨਾਇਐ ਤੈਨੂੰ ।

●

ਮੰਨਿਆ ਸੂਰਜ ਇੱਕ ਹਸਤੀ ਹੈ, ਪਰ ਉਸ ਨਾਲ ਮੱਥਾ ਲਾਵਾਂਗੇ ।
ਅਸੀਂ ਲੋਕ-ਲਹਿਰ ਦੀ ਡੱਫਲੀ 'ਤੇ, ਸੂਰਜ ਨੂੰ ਨਾਚ ਨਚਾਵਾਂਗੇ ।

ਸਾਬਤ ਕਦਮੀਂ ਹਾਂ ਤੁਰੇ ਅਸੀਂ, ਹਰ ਇੱਕ ਮੰਜ਼ਿਲ ਨੂੰ ਪਾਵਾਂਗੇ ।
ਇਸ ਦੇਸ਼ ਦੇ ਪਹਿਰੇਦਾਰ ਅਸੀਂ, ਵੈਰੀ ਨੂੰ ਸਬਕ ਸਿਖਾਵਾਂਗੇ ।

ਉਹ ਜੂਨ ਸਰਾਪੀ ਹੁੰਦੀ ਹੈ, ਜੋ ਅੱਕਲੋਂ ਹੀਣੀ ਹੁੰਦੀ ਹੈ,
ਗਿਆਨ ਦੇ ਦੀਵੇ ਬਾਲ ਅਸੀਂ, ਸਾਰਾ ਹੀ ਜੱਗ ਰੁਸ਼ਨਾਵਾਂਗੇ ।

ਜਿੱਥੇ ਕਿਰਤੀ ਰੱਜ ਕੇ ਖਾਵੇਗਾ, ਤੇ ਹਰ ਬੇਕਸ ਮੁਸਕਾਵੇਗਾ,
ਅਸੀਂ ਸਾਮਰਾਜ ਨੂੰ ਲਾ ਤੀਲੀ, ਇੱਕ ਨਵਾਂ ਨਿਜ਼ਾਮ ਬਣਾਵਾਂਗੇ ।

ਇੰਜ ਮਾਤ ਕਰਾਂਗੇ ਦੂਤੀ ਨੂੰ, ਨਾ ਸਿਰ ਚੱਕੂ ਉਹ ਫੇਰ ਕਦੇ,
ਤੇ ਭਾਰਤਵਾਸੀ ਰਲ਼ ਸਾਰੇ, ਅਸੀਂ ਗੀਤ ਅਮਨ ਦੇ ਗਾਵਾਂਗੇ ।

ਜਿੰਦ ਦੇਸ਼ ਦੇ ਲੇਖੇ ਲਾਉਣੀ ਹੈ, ਹੈ ਭਗਤ ਸਿੰਘ ਦੀ ਸਹੁੰ ਸਾਨੂੰ,
'ਊਧਮ' ਦੀਆਂ ਪੈੜਾਂ 'ਤੇ ਚਲ ਕੇ, ਵੈਰੀ ਨੂੰ ਭੜਥੂ ਪਾਵਾਂਗੇ ।

ਹਰ ਇਕ ਹਸਰਤ ਨੂੰ ਬੂਰ ਪਊ, ਤੇ ਮੰਜ਼ਿਲ ਵੀ ਮਿਲ ਜਾਊ,
ਲੋਕਾਂ ਦੀ ਖੁਸ਼ੀ 'ਚ ਹੋ ਸ਼ਾਮਿਲ, ਰੱਜ ਰੱਜ ਕੇ ਖੁਸ਼ੀ ਮਨਾਵਾਂਗੇ ।

ਇਹ ਮਾਣਸ-ਖਾਣੇ ਬੰਦੇ ਜੋ, ਪਏ ਮਜ਼ਲੂਮ ਨੂੰ ਚੂੰਡ ਰਹੇ,
ਸਦੀਆਂ ਤੋਂ ਚਲਦੀਆਂ ਰੀਤਾਂ ਨੂੰ, ਅਸੀਂ ਹਰ ਹੀਲੇ ਦਫਨਾਵਾਂਗੇ ।

'ਬੇਕਸ' ਏਸ 'ਚ ਸ਼ੱਕ ਨਹੀਂ, ਨਾ ਸਾਹਵੇਂ ਆ ਕੋਈ ਠਹਿਰੇਗਾ,
ਅਸੀਂ ਦੇਸ਼ ਕੌਮ ਦੀ ਰਾਖੀ ਲਈ, ਜਦ ਵੀ ਮੈਦਾਨ 'ਚ ਆਵਾਂਗੇ ।

●

ਜਿਹਨਾਂ ਨੂੰ ਖ਼ਾਰ ਦਿੱਸਦੇ ਹਾਂ, ਉਹਨਾਂ ਲਈ ਖ਼ਾਰ ਹਾਂ ਆਪਾਂ ।
ਜੋ ਰੱਖਣ ਵੈਰ ਸਾਡੇ ਲਈ, ਉਹਨਾਂ ਲਈ ਵਾਰ ਹਾਂ ਆਪਾਂ ।

ਜੇ ਸਿਰ 'ਤੇ ਆ ਚੜ੍ਹੇ ਵੈਰੀ, ਤੇ ਗ਼ੈਰਤ ਨੂੰ ਆ ਲਲਕਾਰੇ,
ਜੋ ਰੱਖ ਦਊ ਚੀਰ ਕੇ ਉਸਨੂੰ, ਕਿ ਉਹ ਤਲਵਾਰ ਹਾਂ ਆਪਾਂ ।

ਜੋ ਛੇੜੇ ਅਮਨ ਦੀ ਸਰਗਮ, ਕਿ ਉਸ ਦਾ ਸਾਥ ਦਿੰਦੇ ਹਾਂ,
ਅਮਨ ਦੇ ਵੈਰੀਆਂ ਲਈ ਵੀ, ਸਦਾ ਤੱਯਾਰ ਹਾਂ ਆਪਾਂ ।

ਅਬਦਾਲੀ ਨਾਲ ਟਕਰਾਏ ਸੀ, ਹਿੱਕਾਂ ਤਾਣ ਕੇ ਯੋਧੇ,
ਜੋ ਧੀਆਂ ਨੂੰ ਛੁਡਾਉਂਦੇ ਰਹੇ, ਓਹੀਓ ਸਿਰਦਾਰ ਹਾਂ ਆਪਾਂ ।

ਦੋ ਮਿੱਠੜੇ ਬੋਲ ਜੋ ਬੋਲੇ, ਦਿਲਾਂ ਨੂੰ ਦੇਣ ਲਈ ਠੰਡਕ,
ਉਸ ਲਈ ਜਾਨ ਵੀ ਹਾਜ਼ਰ, ਕਿ ਉਸਦੇ ਯਾਰ ਹਾਂ ਆਪਾਂ ।

ਜੋ ਸੌਂ ਗਏ ਤਾਣ ਕੇ ਲੰਮੀਆਂ, ਉਹ ਸਭ ਹਾਕਮ ਜਗਾਵਾਂਗੇ,
ਲਵਾਂਗੇ ਹੱਕ ਉਹ ਸਾਰੇ, ਜੀਹਦੇ ਹੱਕਦਾਰ ਹਾਂ ਆਪਾਂ ।

ਕਿ ਮਾਂ-ਬੋਲੀ ਪੰਜਾਬੀ ਲਈ, ਸਾਡੇ ਸੰਘਰਸ਼ ਜਾਰੀ ਨੇ,
ਨਾ ਰੁੱਤਬਾ ਦੇਂਵਦੇ ਹਾਕਮ, ਨਾ ਮੰਨਦੇ ਹਾਰ ਹਾਂ ਆਪਾਂ ।

ਆਓ ! ਮਿਲ ਕੇ ਕਲਮਕਾਰੋ, ਬਿਗਲ ਸਾਰੇ ਵਜਾ ਦਈਏ,
ਕਿ ਮਾਂ-ਬੋਲੀ ਦੇ ਸੇਵਕ ਹਾਂ, ਤੇ ਪਹਿਰੇਦਾਰ ਹਾਂ ਆਪਾਂ ।

ਵਕਤ ਹੁਣ ਆ ਗਿਐ 'ਬੇਕਸ', ਕਰੋ ਇਹ ਫੈਸਲਾ ਖ਼ੁਦ ਹੀ,
ਕਿ ਚੁਗਲ-ਖੋਰ ਬਣਨਾ ਹੈ, ਜਾਂ ਸਾਹਿਤਕਾਰ ਹਾਂ ਆਪਾਂ ।

●

ਜਦ ਤੱਕ ਇਹ ਸੰਸਾਰ ਰਹੇਗਾ ।
ਤਦ ਤਕ ਜੀਊਂਦਾ ਪਿਆਰ ਰਹੇਗਾ ।

ਇਸ਼ਕ ਦੀ ਬਾਜ਼ੀ ਖੇਡੇਗਾ ਜੋ,
ਉਹ ਤਾਂ ਬੇ-ਕਰਾਰ ਰਹੇਗਾ ।

ਦੀਦ ਤੇਰੀ ਨੂੰ ਤਰਸਣ ਅੱਖੀਆਂ
ਕੱਦ ਤੱਕ ਇਹ ਤਕਰਾਰ ਰਹੇਗਾ ।

ਤੈਨੂੰ ਪਾਉਣ ਦੀ ਹਸਰਤ ਲੈ ਕੇ,
ਰੀਝਾਂ ਦਾ ਅੰਬਾਰ ਰਹੇਗਾ ।

ਇਸ਼ਕ ਦੀ ਬਾਜ਼ੀ ਚਾਹੇ ਹਰ ਜਾਂ,
ਦਿਲਬਰ ਦਾ ਸਤਿਕਾਰ ਰਹੇਗਾ ।

ਜਦ ਤੱਕ ਜੀਂਦੇ ਆਸ਼ਿਕ ਜੱਗ 'ਤੇ,
ਇਸ਼ਕੇ ਉੱਤੇ ਨਿਖਾਰ ਰਹੇਗਾ ।

ਚੇਤਨਤਾ ਤੋਂ ਹੀਣਾ ਕਾਮਾ,
ਹੁੰਦਾ ਸਦਾ ਖੁਆਰ ਰਹੇਗਾ ।

ਉਸ ਬੰਦੇ ਨੂੰ ਕਿਹੜਾ ਮਾਰੂ,
ਜਿਸ ਦੇ ਵੱਲ ਕਰਤਾਰ ਰਹੇਗਾ ।

ਤੂੰ ਆਵੀਂ ਜਾਂ ਨਾ ਵੀ ਆਵੀਂ,
'ਬੇਕਸ' ਪੱਬਾਂ-ਭਾਰ ਰਹੇਗਾ ।

●

ਭਾਰਤ ਦਾ ਸਤਿਕਾਰ ਰਹੇਗਾ ।
ਦੁਸ਼ਮਣ ਖਾਂਦਾ ਹਾਰ ਰਹੇਗਾ ।

ਭਾਰਤ ਵਚਨਾਂ ਦਾ ਪੱਕਾ ਹੈ,
ਉੱਚਾ ਏਹਦਾ ਵੱਕਾਰ ਰਹੇਗਾ ।

ਧੋਖਾ ਖਾ ਲਿਆ ਇੱਕ ਪਹਿਲਾਂ,
ਭਾਰਤ ਹੁਣ ਹੁਸ਼ਿਆਰ ਰਹੇਗਾ ।

ਭਗਤ ਸਿੰਘ ਜਿੰਦ ਵਾਰ ਗਿਆ ਹੈ,
ਅਮਰ ਸਦਾ ਸਿਰਦਾਰ ਰਹੇਗਾ ।

ਦੇਸ਼ ਤੋਂ ਜਿੰਦੜੀ ਵਾਰੇਗਾ ਜੋ,
ਜ਼ਿੰਦਾ ਓਹ ਕਿਰਦਾਰ ਰਹੇਗਾ ।

ਗਾਂਧੀ ਦੇ ਇਸ ਦੇਸ਼ ਦੇ ਅੰਦਰ,
ਕਦ ਤੱਕ ਭ੍ਰਿਸ਼ਟਾਚਾਰ ਰਹੇਗਾ ?

ਪੰਡਤ-ਮੁੱਲਾਂ ਵੱਖ ਨਹੀਂ ਹੋਣੇ,
ਦੂਤੀ ਸਦਾ ਖੁਆਰ ਰਹੇਗਾ ।

ਬਾਗਾਂ ਦੇ ਵਿਚ ਮਹਿਕ ਰਹੇਗੀ,
ਫੁੱਲ਼ਾਂ ਦੇ ਨਾਲ ਖ਼ਾਰ ਰਹੇਗਾ ।

ਫ਼ਰਜ਼ ਨਿਭਾਵਾਂਗਾ ਮੈਂ 'ਬੇਕਸ',
ਨਾਅ੍ਹਰਾ ਅਮਨ ਪਿਆਰ ਰਹੇਗਾ ।

●

ਮੈਂ ਤਾਂ ਲੈ ਕੇ ਆਇਐਂ, ਢੇਰ-ਇੱਛਾਵਾਂ ਨਾਲ ।
ਤੂੰ ਵੀ ਗਲ਼ ਨਾਲ ਲਾ ਲੈ, ਸੱਧਰਾਂ-ਚਾਵਾਂ ਨਾਲ ।

ਸੁਣਿਐਂ ਬੁਲ੍ਹਿਆ ਨੱਚ ਕੇ, ਯਾਰ ਮਨਾਵੇਂ ਤੂੰ,
ਰੰਗ ਵਿੱਚ ਜੇ ਆਵੇਂ, ਤਾਲ-ਮਿਲਾਵਾਂ ਨਾਲ ।

ਇਹ ਦਿਲ ਮੇਰਾ ਝੱਲਾ, ਮੋੜਿਐ ਮੁੜਦਾ ਨਈ੍ਹੀਂ,
ਪ੍ਰੀਤ ਦੇ ਸੋਹਿਲੇ ਗਾਵੇ, ਪ੍ਰੀਤ-ਕਥਾਵਾਂ ਨਾਲ ।

ਦਿਲ ਵਿੱਚ ਵੱਸਦੀ ਸੀ, ਜੋ ਮੇਰੀ ਦੁਨੀਆਂ ਸੀ,
ਮੋੜ ਗਈ ਖ਼ਤ ਮੇਰੇ, ਹੌਕਿਆਂ-ਹਾਵਾਂ ਨਾਲ ।

ਤੂੰ ਤਾਂ ਮਿੱਟੀ ਪੁੱਟਦੈਂ, ਹਰ ਇੱਕ ਬੰਦੇ ਦੀ,
ਕਿੱਦਾਂ ਸਹਿਮਤ ਹੋਵਾਂ, ਤੇਰੀਆਂ ਰਾਵਾਂ ਨਾਲ ।

ਇਹ ਜੁ ਮੇਰੀਆਂ, ਮਹਿਲ-ਮਾੜੀਆਂ ਤੱਕਦੇ ਹੋ,
ਮਿਹਨਤ ਦਾ ਰੰਗ ਸ਼ਾਮਿਲ, ਢੇਰ-ਦੁਆਵਾਂ ਨਾਲ ।

ਦਿਲ ਦਾ ਪੰਛੀ ਦੂਰ, ਗਗਨ ਵਿੱਚ ਉੱਡਦਾ ਸੀ,
ਭੂੰਜੇ ਸੁੱਟਿਆ ਉਸਨੂੰ, ਮਸਤ-ਅਦਾਵਾਂ ਨਾਲ ।

ਕੋਝੀਆਂ ਸੋਚਾਂ ਵਾਲਿਓ ! ਕੁਝ ਤਾਂ ਹੋਸ਼ ਕਰੋ,
ਕੀਕਣ ਬਰ ਮੇਚੋਗੇ, ਦਿਲ-ਦਰਿਆਵਾਂ ਨਾਲ ।

'ਬੇਕਸ' ਜਿਹੜੇ ਮੰਜ਼ਰ, ਦਿਲ ਵਿੱਚ ਵੱਸ ਜਾਵਣ,
ਬੰਦਾ ਜੁੜਿਆ ਰਹਿੰਦੈ, ਉਹਨਾਂ ਥਾਵਾਂ ਨਾਲ ।

●

ਮੈਂ ਲੋਕਾਂ ਦਾ ਸ਼ਾਇਰ ਹਾਂ, ਲੋਕਾਂ ਦੇ ਦਰਦ ਵੰਡਾਉਂਦਾ ਹਾਂ ।
ਗੀਤ ਹੋਵੇ ਜਾਂ ਗ਼ਜ਼ਲ ਕੋਈ, ਮਹਿਫ਼ਲ ਦੇ ਵਿੱਚ ਗਾਉਂਦਾ ਹਾਂ ।

ਨੌਂ ਹਿੰਦਸੇ ਜਹੀ ਬਿਰਤੀ ਮੇਰੀ, ਮੂਲ ਨਾ ਕਦੇ ਵਟਾਉਂਦਾ ਹਾਂ ।
ਜਿੰਨੀ ਵਾਰ ਵੀ ਜ਼ਰਬ ਕਰੋਗੇ, ਜੋੜਿਆਂ ਨੌਂ ਹੀ ਆਉਂਦਾ ਹਾਂ ।

'ਸਰਹੱਦੀ', 'ਜਗਤਾਰ' ਤੇ 'ਮਹਿਰਮ', ਦਿਲ ਦੇ ਮਹਿਲੀਂ ਰਹਿੰਦੇ ਨੇ,
'ਪਾਤਰ' ਦੀ ਸ਼ਾਇਰੀ ਸਾਹਵੇਂ ਵੀ, ਮੈਂ ਤਾਂ ਸੀਸ ਨਿਵਾਉਂਦਾ ਹਾਂ ।

'ਜਸਵਿੰਦਰ' ਨੂੰ ਨਿੱਤ ਯਾਦ ਕਰਾਂ ਮੈਂ, ਤੇ 'ਰੌਸ਼ਨ' ਵੀ ਭੁੱਲਦਾ ਨਈਂ,
'ਸ਼ਿਵ' ਨੂੰ ਲੂਣਾ ਲਿਖਣ ਲਈ, ਮੈਂ ਪਲਕਾਂ 'ਤੇ ਬਿਠਾਉਂਦਾ ਹਾਂ ।

'ਲੋਚੀ' ਦਾ ਹੈ ਅਪਣਾ ਹੀ ਰੰਗ, 'ਪੰਛੀ' ਅਰਸ਼ ਦੇ ਪੰਛੀ ਨੇ,
ਜਦੋਂ ਛੇੜਦੇ ਨੇ ਇਹ ਸਰਗਮ, ਮੈਂ ਵੀ ਤਾਲ ਮਿਲਾਉਂਦਾ ਹਾਂ ।

ਫੇਲੁਨ, ਫਾਇਲਾਤੁਨ ਦੀ ਗੱਲ, ਔਖੀ ਹੈ ਭਾਵੇਂ ਲੰਮੀ ਹੈ,
'ਸੈਣੀ' ਜੀ ਅਕਸਰ ਕਹਿੰਦੇ ਨੇ, ਬਹਿ ਤੈਨੂੰ ਸਮਝਾਉਂਦਾ ਹਾਂ ।

ਬਿਰਹੋਂ ਅਗਨੀ ਦੇ ਭਾਂਬੜ ਸੰਗ, ਜਦ ਵੀ ਸੀਨਾ ਮੱਚਦਾ ਹੈ,
ਦਿਲਬਰ ਦੇ ਦਿੱਤੇ ਜ਼ਖ਼ਮਾਂ ਨੂੰ, ਸ਼ਿਅਰਾਂ ਵਿੱਚ ਛੁਪਾਉਂਦਾ ਹਾਂ ।

ਮੈਂ ਸ਼ਾਇਰੀ ਦੀ ਕਸਵੱਟੀ ’ਤੇ, ਖਰਾ ਹਮੇਸ਼ਾਂ ਉਤਰ ਸਕਾਂ,
ਬਹਿਰ ਦੇ ਨੱਕੇ ’ਚੋਂ ਏਸੇ ਲਈ, ਹਰ ਇਕ ਸ਼ਿਅਰ ਲੰਘਾਉਂਦਾ ਹਾਂ ।

ਮਹਿਫ਼ਲ ’ਤੇ ਜਵਾਨੀ ਆਉਂਦੀ ਹੈ, ਗੌਰ ਨਾਲ ਸਭ ਸੁਣਦੇ ਨੇ,
‘ਬੇਕਸ’ ਬਾ-ਤਰੰਨੁਮ ਜਦ ਮੈਂ, ਕੋਈ ਗ਼ਜ਼ਲ ਸੁਣਾਉਂਦਾ ਹਾਂ ।

---

ਸੁਲੱਖਣ ਸਰਹੱਦੀ, ਡਾ: ਜਗਤਾਰ, ਦੀਵਾਨ ਸਿੰਘ ਮਹਿਰਮ, ਸੁਰਜੀਤ ਪਾਤਰ, ਜਸਵਿੰਦਰ ਰੋਪੜ
ਗੁਰਦਿਆਲ ਰੌਸ਼ਨ,ਸ਼ਿਵ ਕੁਮਾਰ ਬਟਾਲਵੀ, ਤ੍ਰੈਲੋਚਨ ਲੋਚੀ, ਸਰਦਾਰ ਪੰਛੀ, ਥੰਮਣ ਸਿੰਘ ਸੈਣੀ

●

ਮਹਿੰਦੀ ਸ਼ਗਨਾਂ ਵਾਲੀ ਲਾ, ਮੇਰੇ ਘਰ ਜ਼ਿੰਦਗੀ ਆਈ ।
ਮੇਰਾ ਘਰ ਰਹੀ ਰੁਸ਼ਨਾ, ਮੇਰੇ ਘਰ ਜ਼ਿੰਦਗੀ ਆਈ ।

ਸੀ ਖ਼ੁਆਬ ਸਜਾਏ ਰੰਗਲੇ, ਜਿਸ ਦੀ ਖਾਤਿਰ ਮੈਂ,
ਮੇਰੇ ਹਿੱਸੇ ਗਈ ਉਹ ਆ, ਮੇਰੇ ਘਰ ਜ਼ਿੰਦਗੀ ਆਈ ।

ਪ੍ਰੀਤ ਦਾ ਸਾਗਰ ਕੱਲਿਆਂ, ਕਿੱਦਾਂ ਤਰ ਸਕਦਾ ਹੈ ਕੋਈ,
ਮੇਰਾ ਸਾਥ ਰਹੀ ਨਿਭਾਅ, ਮੇਰੇ ਘਰ ਜ਼ਿੰਦਗੀ ਆਈ ।

ਇਸ਼ਕੇ ਦੇ ਵਿੱਚ ਆਪਾ, ਮੈਂ ਵੀ ਰੰਗ ਲਿਆ,
ਰੱਤਾ ਸੂਹਾ ਰੰਗ ਰੰਗਾ, ਮੇਰੇ ਘਰ ਜ਼ਿੰਦਗੀ ਆਈ ।

ਇੱਕ ਅਰਸੇ ਤੋਂ ਤਰਸੇ, ਜਿਸ ਦੀ ਝਾਕ ਰਹੀ,
ਆਖਿਰ ਸਬਰਾਂ ਨੂੰ ਅਜਮਾ, ਮੇਰੇ ਘਰ ਜ਼ਿੰਦਗੀ ਆਈ ।

ਈਦ ਮੁਬਾਰਕ ਆਖੇ, ਗਲ਼ ਵਿਚ ਬਾਹਾਂ ਪਾ,
ਰੀਤ ਨੂੰ ਰਹੀ ਨਿਭਾਅ, ਮੇਰੇ ਘਰ ਜ਼ਿੰਦਗੀ ਆਈ ।

ਜਿਸ ਦੀ ਸੀ ਉਡੀਕ, 'ਡੀਕ ਹੁਣ ਮੁੱਕੀ ਹੈ,
ਸੱਧਰਾਂ ਨੂੰ ਖੰਭ ਲਗਾ, ਮੇਰੇ ਘਰ ਜ਼ਿੰਦਗੀ ਆਈ ।

ਹਰ ਪਲ ਜਿਸ ਨੂੰ ਚਾਹਿਆ, ਜ਼ਿਹਨ 'ਤੇ ਛਾਈ ਜੋ,
ਦਿਲ ਦੀ ਸੁਣ ਸਦਾਅ, ਮੇਰੇ ਘਰ ਜ਼ਿੰਦਗੀ ਆਈ ।

'ਬੇਕਸ' ਦਾ ਰੱਬ ਤੂੰਹੀਓਂ, ਤੂੰ ਹੀ ਪੂਜਾ ਹੈਂ,
ਮੇਰੇ ਸਾਹੀਂ ਗਈ ਸਮਾ, ਮੇਰੇ ਘਰ ਜ਼ਿੰਦਗੀ ਆਈ ।

●

ਰੱਬਾ ! ਹੈ ਡੋਰ ਤੇਰੇ ਹੱਥ, ਜਿਵੇਂ ਚਾਹੇਂ ਚਲਾ ਮੈਨੂੰ ।
ਤੇਰੀ ਮਰਜ਼ੀ ਤਾਂ ਮੌਲਣ ਦੇ, ਤੇਰੀ ਮਰਜ਼ੀ ਮਿਟਾ ਮੈਨੂੰ ।

ਰਹੇ ਨਾ ਭੇਦ ਕੁਝ ਬਾਕੀ, ਤੇਰਾ ਹੀ ਰੂਪ ਹੋ ਜਾਵਾਂ,
ਮੇਰੀ ਹਸਤੀ ਜੋ ਮਿਟ ਜਾਏ, ਨਹੀਂ ਇਸਦਾ ਗਿਲਾ ਮੈਨੂੰ ।

ਸੁਗੰਧੀ ਜੱਗ ਨੂੰ ਦੇ ਜਾਵਾਂ, ਗਿਲਾ ਨਈਂ ਰਾਖ਼ ਹੋ ਜਾਵਾਂ,
ਮੇਰੇ ਰੱਬਾ ! ਦੇ ਏਨਾ ਹੀ, ਦੁਆਵਾਂ ਦਾ ਸਿਲਾ ਮੈਨੂੰ ।

ਚੁਰਾਸੀ-ਗੇੜ ਹੈ ਲੰਮਾ, ਮੈਂ ਚਾਹਾਂ ਮੁਕਤ ਹੋ ਜਾਵਾਂ,
ਮੁਕਤੀ ਲਈ ਮੇਰੇ ਰੱਬਾ ! ਡਗਰ ਕੁਈ ਵਿਖਾ ਮੈਨੂੰ ।

ਤੇਰੇ ਬਿਨ ਕੁਝ ਨਹੀਂ ਸੁੱਝਦਾ, ਤੇ ਨਾ ਦਿਸਦਾ ਹੈਂ ਤੂੰ ਮੈਨੂੰ,
ਨਿਰਾ ਤੂੰ ਨੂਰ ਹੈਂ ਸੁਣਿਐਂ, ਕਿਰਨ ਕੁਈ ਦਿਖਾ ਮੈਨੂੰ ।

ਦਿਖਾ ਦੇ ਰੌਸ਼ਨੀ ਮੈਨੂੰ, ਹਨੇਰੇ ਨੇ ਬੜੇ ਗਹਿਰੇ,
ਤੂੰ ਹਰ ਜ਼ੱਰੇ ਤੋਂ ਵਾਕਿਫ਼ ਹੈਂ, ਦੇ ਮੰਜ਼ਿਲ ਦਾ ਪਤਾ ਮੈਨੂੰ ।

ਤੂੰ ਮੇਰੇ ਹਾਲ ਦਾ ਮਹਿਰਮ, ਤੇਰੇ ਤੋਂ ਕੁਝ ਨਹੀਂ ਛਿਪਿਆ,
ਮੇਰੇ ਦਰਦਾਂ ਨੂੰ ਤੂੰ ਜਾਣੇਂ, ਦੇ ਦਰਦਾਂ ਦੀ ਦਵਾ ਮੈਨੂੰ ।

ਮੇਰੀ ਕਿਸ਼ਤੀ ਬੜੀ ਖਸਤਾ, ਤੇ ਨੇ ਆਸਾਰ ਤੂਫ਼ਾਂ ਦੇ,
ਕਿਨਾਰਾ ਦੂਰ ਹੈ ਬੇਸ਼ੱਕ, ਕਿਨਾਰੇ 'ਤੇ ਲਗਾ ਮੈਨੂੰ ।

ਮੈਂ 'ਬੇਕਸ' ਹਾਂ ਮਗਰ ਦਾਤਾ, ਲਾਚਾਰੀ ਦੇਖ ਨਹੀਂ ਸਕਦਾ,
ਲਾਚਾਰੀ ਦੂਰ ਕਰ ਜੱਗ 'ਚੋਂ, ਦੇ ਰੋਂਦੇ ਨੂੰ ਹਸਾ ਮੈਨੂੰ ।

●

ਕਿਰਤੀ ਦੀ ਲੈ ਸਾਰ ਜ਼ਿੰਦਗੀ ।
ਦੇਵੇ ਉਸ ਨੂੰ ਤਾਰ ਜ਼ਿੰਦਗੀ ।

ਫੁੱਲਾਂ ਤੋਂ ਵੱਧ ਕੋਮਲ ਹੈ ਉਹ,
ਜਿਸ ਨੂੰ ਰਹੀ ਸੰਵਾਰ ਜ਼ਿੰਦਗੀ ।

ਆਲਸ ਵਾਲਾ ਚੋਲ਼ਾ ਲਾਹ ਦੇਹ,
ਜੀਵਨ ਦਵੇ ਸ਼ਿੰਗਾਰ ਜ਼ਿੰਦਗੀ ।

ਰੋਲ਼ ਲਵੀਂ ਨਾ ਜੀਵਨ ਐਵੇਂ,
ਅਣ-ਮੁੱਲਾ ਉਪਹਾਰ ਜ਼ਿੰਦਗੀ ।

ਨਾਲ ਸਲੀਕੇ ਬਸਰ ਕਰੇਂ ਜੇ,
ਹੋਣ ਦਵੇ ਨਾ ਹਾਰ ਜ਼ਿੰਦਗੀ ।

ਮਾਨਸ-ਦੇਹ ਨੂੰ ਦੇਵ ਵੀ ਤਰਸਣ,
ਮਿਲੀ ਜੁ ਹੈ ਸ਼ਾਹਕਾਰ ਜ਼ਿੰਦਗੀ ।

ਫੁੱਲਾਂ ਵਾਂਗ ਹੈ ਮਹਿਕਾਂ ਵੰਡਦੀ,
ਜਦ ਵੀ ਕਰੇ ਸ਼ਿੰਗਾਰ ਜ਼ਿੰਦਗੀ ।

ਸੋਚ ਤੇਰੀ ਨੇ ਤਹਿ ਹੈ ਕਰਨਾ,
ਫੁੱਲ ਬਣੂੰ ਜਾਂ ਖ਼ਾਰ ਜ਼ਿੰਦਗੀ ।

'ਬੇਕਸ' ਹਿੰਮਤ ਹਾਰ ਨਾ ਐਵੇਂ,
ਖੜ੍ਹੀ ਹੈ ਤੇਰੇ ਦੁਆਰ ਜ਼ਿੰਦਗੀ ।

●

ਜੇ ਸੱਚ ਤੇਰੇ ਪਾਸ ਹੋਵੇਗਾ ।
ਹਰ ਕੰਮ ਤੇਰਾ ਰਾਸ ਹੋਵੇਗਾ ।

ਮਾਂ ਬੋਲੀ ਲਈ ਮਾਰ ਲੈ ਹੰਭਲਾ,
ਲੋਕਾਂ ਨੂੰ ਧਰਵਾਸ ਹੋਵੇਗਾ ।

ਕਿਰਤ-ਪੁਜਾਰੀ, ਮਾਨਵ-ਸੱਚਾ,
ਹਰ ਯੁੱਗ ਅੰਦਰ ਖਾਸ ਹੋਵੇਗਾ ।

ਮਿਹਨਤ ਵੱਲੋਂ ਮੂੰਹ ਨਾ ਮੋੜੀਂ,
ਨਕਦ-ਨਾਰਾਇਣ ਪਾਸ ਹੋਵੇਗਾ ।

ਉੱਡਨ-ਖਟੋਲੇ ਬੈਠੇਂਗਾ ਤੂੰ
ਕਰਮੀਂ ਜੇ ਪਰਵਾਸ ਹੋਵੇਗਾ ।

ਹੱਡ-ਭੰਨਵੀਂ ਮਿਹਨਤ ਕਰਕੇ,
ਅਣਮੁੱਲਾ ਅਹਿਸਾਸ ਹੋਵੇਗਾ ।

ਚਾਰੇ ਪਾਸੇ ਪ੍ਰੀਤ ਦਿੱਸੇਗੀ,
ਹਿਰਦਾ ਜੇ ਕੋਈ ਖਾਸ ਹੋਵੇਗਾ ।

ਗ਼ੈਰਾਂ ਘਰ ਜੇ ਦੀਪ ਜਗਾਵੇਂ,
'ਨ੍ਹੇਰਾ ਬੜਾ ਨਿਰਾਸ਼ ਹੋਵੇਗਾ ।

ਜ਼ਾਲਮ-ਜ਼ੁਲਮੋਂ ਕਰੇਗਾ ਤੋਬਾ,
'ਬੇਕਸ' ਜਦ ਆਭਾਸ ਹੋਵੇਗਾ ।

•

ਇਹ ਕੈਸੇ ਦੌਰ ਵਿਚ ਦਾਖਿਲ, ਸਮੇਂ ਦੀ ਅੱਜ ਸਿਆਸਤ ਹੈ ।
ਨਾ ਨੀਤੀਵਾਨ ਨੇ ਨੇਤਾ, ਨਾ ਉਹਨਾਂ ਵਿਚ ਦਿਆਨਤ ਹੈ ।

ਜਗਾ ਕੇ ਆਸ ਨੂੰ ਪਹਿਲਾਂ, ਬਦਲ ਜਾਂਦਾ ਹੈ ਅੱਜ ਆਗੂ,
ਨਾਹਰੇ ਤਾਂ ਲੋਕ ਸੇਵਾ ਦੇ, ਮਗਰ ਕਰਦਾ ਤਜਾਰਤ ਹੈ ।

ਮਸੀਹਾ ਹੋਣ ਦਾ ਭਾਵੇਂ, ਭਰਮ ਤੂੰ ਪਾਲ ਬੈਠਾ ਏਂ,
ਫ਼ਿਕਰਮੰਦ ਲੋਕ ਨੇ ਸਾਰੇ, ਨਸ਼ਰ ਤੇਰੀ ਲਿਆਕਤ ਹੈ ।

ਕਿ ਜ਼ਾਲਮ ਸਾਹਵੇਂ ਅੜਦੇ ਹਾਂ, ਤੇ ਸੀਨਾ ਤਾਣ ਖੜ੍ਹਦੇ ਹਾਂ,
ਕਿ ਦੇਖੋਂ ਫੋਲ ਕੇ ਵਰਕੇ, ਇਹੋ ਸਾਡੀ ਵਿਰਾਸਤ ਹੈ ।

ਕਿ ਏਕੇ ਵਾਲੀ ਵੰਝਲੀ ਦੀ, ਨਿਰਾਲੀ ਤਾਣ ਹੈ ਯਾਰੋ !
ਇਹ ਹਾਕਮ ਨੂੰ ਝੁਕਾ ਦੇਵੇ, ਇਦ੍ਹੇ ਵਿਚ ਏਨੀ ਤਾਕਤ ਹੈ ।

ਨਾ ਬਦਲੇ ਢੰਗ ਹਾਕਮ ਨੇ, ਕਈ ਆਏ ਗਏ ਮੌਸਮ,
ਸਦੀਆਂ ਤੋਂ ਉਹ ਕਿਰਤੀ ਸੰਗ, ਪਿਆ ਕਰਦਾ ਹਿਮਾਕਤ ਹੈ ।

ਕਿ ਅੱਛੇ ਦਿਨ ਲਿਆਵਾਂਗੇ, ਕਹਿੰਦੇ ਸੀ ਜੋ ਲੋਕਾਂ ਨੂੰ,
ਨਾ ਪੂਰੀ ਆਸ ਕੋਈ ਉਹਨਾਂ, ਬਣੀ ਜਦ ਤੋਂ ਵਜ਼ਾਰਤ ਹੈ ।

ਖ਼ਜ਼ਾਨਾ ਹੈ ਅਜੇ ਖਾਲੀ, ਸਮਾਂ ਕੁਝ ਹੋਰ ਦੇ ਦੇਵੋ,
ਕਿ ਨੀਯਤ ਸਾਫ਼ ਹੈ ਸਾਡੀ, ਕੇਹੀ ਸ਼ਾਤਰ ਸਿਆਸਤ ਹੈ ।

ਰਿਆਇਤ ਖ਼ਾਕ ਦੇਣੀ ਸੀ, ਨਾ ਦੇਵਣ ਹੱਕ ਵੀ ਜ਼ਾਲਮ,
'ਬੇਕਸ' ਆਹ ਭਰਨੇ ਦੀ ਵੀ, ਨਾ ਏਥੇ ਇਜਾਜ਼ਤ ਹੈ ।

●

ਹਯਾ ਹੁਣ ਨਾ ਰਹੀ ਪਹਿਲੀ, ਤੇ ਨਾ ਪਹਿਲੀ ਨਜ਼ਾਕਤ ਹੈ ।
ਵਫ਼ਾ ਤੋਂ ਕੋਰੀਆਂ ਹੀਰਾਂ, ਤੇ ਸੋਚਾਂ ਵਿੱਚ ਤਜ਼ਾਰਤ ਹੈ ।

ਅੱਜ ਦੇ ਰਾਂਝਿਆਂ ਅੰਦਰ, ਤਲਖ਼ ਤੇਵਰ ਜੋ ਦਿੱਸਦੇ ਨੇ,
ਜ਼ਮਾਨੇ ਦੀ ਇਹ ਰਾਇ ਹੈ, ਕਿ ਹੀਰਾਂ ਦੀ ਸ਼ਰਾਰਤ ਹੈ ।

ਚਾਹੇ ਕਾਫ਼ਰ ਕਹੋ ਮੈਨੂੰ, ਹਕੀਕਤ ਹੈ ਮਗਰ ਇਹੋ,
ਖ਼ੁਦਾ ਮੈਂ ਹੀਰ ਨੂੰ ਮੰਨਾਂ, ਉਹੋ ਮੇਰੀ ਇਬਾਦਤ ਹੈ ।

ਬਦਲੀ ਏਸ ਨਾ ਫਿਤਰਤ, ਫਨ੍ਹਾ ਹੋਇਐ ਕਈ ਵਾਰੀ,
ਕਿ ਦੂਤੀ ਪ੍ਰੀਤ ਦਾ ਦੋਖੀ, ਇਹਦੀ ਇਹੋ ਹੀ ਆਦਤ ਹੈ ।

ਜਦੋਂ ਪ੍ਰੀਤਾਂ ਦਾ ਰੰਗ ਚੜ੍ਹਦੈ, ਲਹਿੰਦਾ ਹੈ ਨਾ ਮਿੱਟਦਾ ਹੈ,
ਕਿ ਆਸ਼ਕ ਲਈ ਜੋ ਪੂਜਾ ਹੈ, ਜ਼ਮਾਨੇ ਲਈ ਬਗ਼ਾਵਤ ਹੈ ।

ਸਿਆਸਤ ਤੇ ਮੁਹੱਬਤ ਵਿਚ, ਜਦੋਂ ਘਮਸਾਨ ਹੋਏ ਨੇ,
ਇਸ਼ਕੇ ਹੱਥ ਰਹੀ ਬਾਜ਼ੀ, ਸਦਾ ਹਾਰੀ ਸਿਆਸਤ ਹੈ ।

ਫਿਦਾ ਹੈ ਇਸ਼ਕ ਹੁਸਨਾਂ ’ਤੇ, ਹੁਸਨ ਵੀ ਚਾਹੇ ਇਸ਼ਕੇ ਨੂੰ,
ਜ਼ਮਾਨਾ ਮਿਲਣ ਨਾ ਦੇਵੇ, ਸਦਾ ਕਰਦਾ ਹਿਮਾਕਤ ਹੈ ।

ਰੱਬਾ ! ਮਿਹਰ ਕਰ ਇਤਨੀ, ਇਸ਼ਕ ਦੀ ਸਾਰ ਜੱਗ ਜਾਣੇ,
ਕਿ ਹੀਰਾਂ-ਰਾਂਝਿਆਂ ਦੀ ਤਾਂ, ਬੜੀ ਸੁੱਚੀ ਵਿਰਾਸਤ ਹੈ ।

ਆ ਮੱਥਾ ਚੁੰਮ ਲਵਾਂ ਤੇਰਾ, ਕਲਾਵੇ ਭਰ ਲਵਾਂ ਤੈਨੂੰ,
ਦਿਨ ਹੈ ਈਦ ਦਾ ‘ਬੇਕਸ’, ਮੌਕਾ ਹੈ ਇਜਾਜ਼ਤ ਹੈ ।

●

ਜੋ ਵੱਡਿਆਂ ਸਾਨੂੰ ਦੱਸਿਆ ਹੈ, ਉਸ ਰਸਤੇ ਚਲਦੇ ਜਾਵਾਂਗੇ ।
ਅਸੀਂ ਚਾਨਣ ਦੇ ਵਣਜਾਰੇ ਬਣ, ਸਭ ਨ੍ਹੇਰਿਆਂ ਤਾਈਂ ਮਿਟਾਵਾਂਗੇ ।

ਵੈਰੀ ਜਦ ਵਹਿਸ਼ੀ ਹੋ ਜਾਵੇ, ਉਹਨੂੰ ਸਬਕ ਸਿਖਾਉਣਾ ਪੈਂਦਾ ਹੈ,
ਅਣਖਾਂ ਦਾ ਜੀਵਨ ਜੀਵਣ ਲਈ, ਸਿਰ ਧੜ ਦੀ ਬਾਜ਼ੀ ਲਾਵਾਂਗੇ ।

ਦੁਸ਼ਮਣ ਵੀ ਮਿੱਤਰ ਹੋ ਜਾਵੇ, ਉਹ ਸ਼ਕਤੀ ਮਿੱਠੇ ਬੋਲਾਂ ਵਿੱਚ,
ਨਾ ਕੌੜੇ ਬੋਲੋ ਬੋਲ ਕਦੇ, ਘਰ ਘਰ ਪੈਗ਼ਾਮ ਪਹੁੰਚਵਾਂਗੇ ।

ਔਕੜ ਵਿੱਚ ਧੀਰਜ ਧਰਨਾ ਹੀ, ਅਸਲੋਂ ਮਾਨੁੱਖ ਦਾ ਗਹਿਣਾ ਹੈ,
ਅਸੀਂ ਇਹ ਹੋਕਾ ਲਾ ਸੱਥਾਂ ਵਿੱਚ, ਸਬਰਾਂ ਦਾ ਪਾਠ ਪੜ੍ਹਾਵਾਂਗੇ ।

ਜੋ ਸੱਚ ਦੇ ਮਾਰਗ ਚਲਦੇ ਨੇ, ਜਿੱਤ ਪੈਰ ਉਹਨਾਂ ਦੇ ਚੁੰਮਦੀ ਹੈ,
ਕੁਝ ਮੀਲ-ਪੱਥਰ ਇਸ ਦੁਨੀਆ ਵਿੱਚ, ਅਸੀਂ ਸੱਚ ਦੇ ਨਾਂ ਦੇ ਲਾਵਾਂਗੇ ।

ਤੁਸੀਂ ਵਰਕੇ ਫੋਲ ਕੇ ਵੇਖ ਲਵੋ, ਇਤਿਹਾਸ ਗਵਾਹੀ ਭਰਦਾ ਹੈ,
ਅਸੀਂ ਕਲਗੀਧਰ ਦੇ ਜਾਏ ਹਾਂ, ਜ਼ਾਲਮ ਨੂੰ ਭੜਥੂ ਪਾਵਾਂਗੇ ।

ਜਿੰਦ ਦੇਸ਼ ਦੇ ਲੇਖੇ ਲਾਉਣੀ ਏ, ਹੈ ਭਗਤ ਸਿੰਘ ਦੀ ਸਹੁੰ ਸਾਨੂੰ,
'ਊਧਮ' ਦੀਆਂ ਪੈੜਾਂ 'ਤੇ ਚਲ ਕੇ, ਭਾਰਤ ਦਾ ਨਾਂ ਚਮਕਾਵਾਂਗੇ ।

ਇਹ ਸਾਏ ਮੱਕਰ-ਫਰੇਬਾਂ ਦੇ, ਜੋ ਮਾਨਵ ਨੂੰ ਨਿੱਤ ਡੰਗਦੇ ਨੇ,
ਸਦੀਆਂ ਤੋਂ ਚਲਦੀਆਂ ਰੀਤਾਂ ਨੂੰ, ਅਸੀਂ ਦੂਰ ਕਿਤੇ ਦਫਨਾਵਾਂਗੇ ।

ਜੋ ਖੌਰੂ ਨਿੱਤ ਹੀ ਪਾਉਂਦੇ ਨੇ, ਬੇਦੋਸ਼ਿਆਂ ਤਾਈਂ ਸਤਾਉਂਦੇ ਨੇ,
'ਬੇਕਸ' ਉਹ ਕਿੱਦਾਂ ਠਹਿਰਣਗੇ, ਜਾਂ ਸਾਹਵੇਂ ਜਾ ਟਕਰਾਵਾਂਗੇ ।

●

ਅੰਬਰਾਂ ਨੇ ਕਿੱਕਲੀ ਪਾਈ ਹੈ, ਸਤਰੰਗੀ ਪੀਂਘ ਚੜ੍ਹਾਈ ਹੈ ।
ਦਿਲ ’ਤੇ ਮੇਰਾ ਹੁਣ ਕਾਬੂ ਨਈਂ, ਖਾਹਿਸ਼ਾਂ ਨੇ ਲਈ ਅੰਗੜਾਈ ਹੈ ।

ਜਿਹਨਾਂ ਨੇ ਪ੍ਰੀਤ ਨਿਭਾਈ ਹੈ, ਉਹਨਾਂ ਹੀ ਜੰਨਤ ਪਾਈ ਹੈ ।
ਚਾਹੇ ਰੋਗ ਆਖਦੀ ਇਹ ਦੁਨੀਆਂ, ਹਰ ਰੋਗ ਦੀ ਪ੍ਰੀਤ ਦਵਾਈ ਹੈ ।

ਤੈਨੂੰ ਛੂਹ ਕੇ ਹਵਾ ਇਹ ਆਈ ਹੈ, ਸੰਗ ਤੇਰੀ ਯਾਦ ਲਿਆਈ ਹੈ ।
ਮੇਰੇ ਦਿਲ ਦੀ ਧੜਕਣ ਵੱਧ ਗਈ ਏ, ਯਾਦਾਂ ਗਲਵਕੜੀ ਪਾਈ ਹੈ ।

ਮੈਨੂੰ ਜੋਬਨ ਵੱਢ ਵੱਢ ਖਾਂਦਾ ਵੇ, ਇੱਕ ਪਲ ਵੀ ਚੈਨ ਨਾ ਆਂਦਾ ਵੇ,
ਇਸ ਝੜੀ ਸਾਉਣ ਦੀ ਚੰਦਰੀ ਨੇ, ਹਿਜਰਾਂ ਦੀ ਅੱਗ ਭੜਕਾਈ ਹੈ ।

ਇੱਕ ਆਉਣ ਦਾ ਵਾਅਦਾ ਤੇਰਾ ਏ, ਦਿਲ ਹਾਮੀ ਭਰਦਾ ਮੇਰਾ ਏ,
ਬੂਹੇ ’ਤੇ ਦਸਤਕ ਹੋਈ ਹੈ, ਕਾਵਾਂ ਵੀ ਰੌਲੀ ਪਾਈ ਹੈ ।

ਸੁਪਨੇ ਵਿਚ ਫੇਰਾ ਪਾ ਜਾ ਵੇ, ਝੂਠਾ ਹੀ ਲਾਰਾ ਲਾ ਜਾ ਵੇ,
ਦਿਲ ਬਹਿਲ ਜਾਏਗਾ ਬਿਰਹਣ ਦਾ, ਜਿਸ ਤੇਰੀ ਖ਼ੈਰ ਮਨਾਈ ਹੈ ।

ਜਦ ਕਦੀ ਉਦਾਸ ਮੈਂ ਹੁੰਦੀ ਹਾਂ, ’ਕੱਲਿਆਂ ਹੀ ਬਹਿ ਕੇ ਰੋਂਦੀ ਹਾਂ,
ਕਦੇ ਨਾਮ ਜ਼ੁਬਾਂ ’ਤੇ ਆਇਆ ਨਈਂ, ਚਾਹੇ ਜਾਨ ਲਬਾਂ ’ਤੇ ਆਈ ਹੈ ।

ਮੈਂ ਐਵੇਂ ਅੱਖੀਆਂ ਲਾ ਬੈਠੀ, ਉਮਰਾਂ ਦਾ ਰੋਗ ਲਵਾ ਬੈਠੀ,
ਦਿਲ ਮੇਰੇ ਵੈਰੀ ਚੰਦਰੇ ਨੇ, ਮੁੱਠੀ ਵਿਚ ਜਾਨ ਫਸਾਈ ਹੈ ।

‘ਬੇਕਸ’ ਤੂੰ ਮਹਿਕਾਂ ਵੰਡਦਾ ਹੈਂ, ਕਦੇ ਮਹਿਕ ਵਿਹੂਣਾ ਹੋਵੇਂ ਨਾ,
ਤੂੰ ਤਾਰ ਦਿਲਾਂ ਦੇ ਛੇੜੇ ਨੇ, ਤੇਰੇ ਸਦਕੇ ਗ਼ਜ਼ਲ ਸੁਣਾਈ ਹੈ ।

●

ਚੋਟ ਜਿਗਰ ਤੇ ਖਾਈ ਫਿਰਦਾਂ ।
ਸੀਨੇ ਦਰਦ ਛੁਪਾਈ ਫਿਰਦਾਂ ।

ਇਸ਼ਕੇ ਅੰਦਰ ਹਰਿਆਂ ਚਾਹੇ,
ਦਿਲਬਰ ਦਿਲਬਰ ਗਾਈ ਫਿਰਦਾਂ ।

ਇਸ਼ਕੇ ਦੀ ਨਿੱਤ ਮਾਲਾ ਫੇਰਾਂ,
ਅਪਣੀ ਹੋਸ਼ ਭੁਲਾਈ ਫਿਰਦਾਂ ।

ਹੌਕੇ, ਹਾਵੇ, ਗ਼ਮ ਦੇ ਪਿਆਲੇ,
ਅਪਣੇ ਨਾਂ ਲਿਖਵਾਈ ਫਿਰਦਾਂ ।

ਇਸ਼ਕੇ ਦੀ ਮੈਂ ਗਾਥਾ ਗਾਵਾਂ,
ਇਸ਼ਕਾ ਮਨ ਵਸਾਈ ਫਿਰਦਾਂ ।

ਇਹ ਤਾਂ ਸਾਰੇ ਲੋਕ ਨੇ ਕਹਿੰਦੇ,
ਪ੍ਰੀਤ ਦੀ ਰੀਤ ਨਿਭਾਈ ਫਿਰਦਾਂ ।

ਇਸ਼ਕ ਹਕੀਕੀ ਅਤੇ ਮਿਜ਼ਾਜੀ,
ਇੱਕੋ ਪੱਲੜੇ ਪਾਈ ਫਿਰਦਾਂ ।

ਪਰੀਆਂ ਤੋਂ ਵੱਧ ਸੋਹਣੀ ਹੈ ਉਹ,
ਜਿਸ ਦੇ ਨਾਜ਼ ਉਠਾਈ ਫਿਰਦਾਂ ।

ਧੀਰ ਬੰਨ੍ਹਾਵੇ ਤੈਨੂੰ 'ਬੇਕਸ',
ਕਿਉਂ ਹੌਂਸਲੇ ਢਾਈ ਫਿਰਦਾਂ ।

●

ਦਿਲ ਦੇ ਅੱਖਰ ਚਾਰ ਮੈਂ ਲਿਖਦਾਂ ।
ਸੱਜਣਾਂ ਲਈ ਸਤਿਕਾਰ ਮੈਂ ਲਿਖਦਾਂ ।

ਪ੍ਰੀਤ ਵਲਵਲਾ ਦਿਲ 'ਤੇ ਭਾਰੂ,
ਸ਼ਿਅਰਾਂ ਵਿੱਚ ਪਿਆਰ ਮੈਂ ਲਿਖਦਾਂ ।

ਪ੍ਰੀਤਾਂ-ਬਾਝੋਂ ਜੀਵਨ ਰੁੱਖਾ,
ਪ੍ਰੀਤਾਂ-ਸੰਗ ਬਹਾਰ ਮੈਂ ਲਿਖਦਾਂ ।

ਯਾਦ ਤੇਰੀ ਜਾਂ ਘੇਰਾ ਪਾਵੇ,
ਤੇਰਾ ਹਰ ਉਪਕਾਰ ਮੈਂ ਲਿਖਦਾਂ ।

ਓਹਦੀ ਸੋਹਲ ਮਲੂਕ ਜਿਹੀ ਜਿੰਦ,
ਫੁੱਲਾਂ ਵਰਗੀ ਨਾਰ ਮੈਂ ਲਿਖਦਾਂ ।

ਹਿਜਰ ਮੇਰੇ ਹੱਡਾਂ ਵਿਚ ਰਚਿਐ,
ਬਿਰਹਾ ਪੱਬਾਂ-ਭਾਰ ਮੈਂ ਲਿਖਦਾਂ ।

ਮਾਂ-ਬੋਲੀ ਪੰਜਾਬੀ ਪਿਆਰੀ,
ਗੁਣਾਂ ਦਾ ਇਹ ਭੰਡਾਰ ਮੈਂ ਲਿਖਦਾਂ ।

ਗੁਣਾਂ ਦੀ ਗੁੱਥਲੀ ਹੈ ਪੰਜਾਬੀ,
ਹੋਈ ਅੱਜ ਉਡਾਰ ਮੈਂ ਲਿਖਦਾਂ ।

ਬੜੇ ਅਹਿਮ ਨੇ ਪ੍ਰੀਤਾਂ ਦੇ ਵਿੱਚ,
'ਬੇਕਸ' ਕੌਲ਼ ਕਰਾਰ ਮੈਂ ਲਿਖਦਾਂ ।

●

ਪਾਕ ਜਲਾਂ ਤੋਂ ਸੁੱਚਾ, ਇਹ ਕਿਰਦਾਰ ਅਸਾਡਾ ਹੈ ।
ਹਰਿਕ ਜ਼ੁਬਾਂ ਦੇ ਉੱਤੇ, ਦੇਸ਼ ਪਿਆਰ ਅਸਾਡਾ ਹੈ ।

ਵਾਰਿਸ-ਬੁੱਲ੍ਹਾ-ਪੀਲੂ, ਕਾਦਰ ਯਾਰ ਅਸਾਡਾ ਹੈ ।
ਸਿਰਜ ਗਏ ਜੋ ਮਿਲ ਕੇ, ਸਭਿਆਚਾਰ ਅਸਾਡਾ ਹੈ ।

ਰਾਵੀ-ਸਤਲੁਜ-ਬਿਆਸਾ, ਜਿਹਲਮ ਅਤੇ ਝਨਾਅ,
ਪਾਣੀ ਪੰਜਾਂ-ਆਬਾਂ ਦਾ, ਆਬਸ਼ਾਰ ਅਸਾਡਾ ਹੈ ।

ਧਰਤ ਮੇਰੇ ਪੰਜਾਬ ਦੀ, ਜੱਗ ਤੋਂ ਸੋਹਣੀ ਹੈ,
ਹਰ ਗੱਭਰੂ ਅਣਖੀਲਾ, ਤੇ ਦਿਲਦਾਰ ਅਸਾਡਾ ਹੈ ।

ਭਾਰਤ ਨੂੰ ਹੈ ਮਾਣ, ਭਗਤ ਸਿੰਘ ਸੂਰੇ ’ਤੇ,
ਧਰਤ ਪੰਜਾਬ ਦਾ ਜਾਇਆ, ਉਹ ਸਿਰਦਾਰ ਅਸਾਡਾ ਹੈ ।

ਗੁਰਾਂ ਉਚਾਰੀ ਬਾਣੀ, ਰਾਣਿਆਂ-ਰੰਕਾਂ ਲਈ,
ਸਭ ਦਾ ਸਾਂਝਾ ‘ਨਾਨਕ’, ਹੀ ਦਾਤਾਰ ਅਸਾਡਾ ਹੈ ।

ਗੁਰਾਂ ਦੇ ਨਾਂ ’ਤੇ ਜੀਂਦਾ, ਇਹ ਪੰਜਾਬ ਮੇਰਾ,
‘ਪੂਰਨ ਸਿੰਘ’ ਨਾਲ ਮਿਲਦਾ, ਹੀ ਵੀਚਾਰ ਅਸਾਡਾ ਹੈ ।

ਵਾਲ ਵੀ ਵਿੰਗਾ ਸਾਡਾ, ਵੈਰੀ ਕਿੰਝ ਕਰੂ,
ਮਰਦ-ਅਗੰਮੜਾ ਗੋਬਿੰਦ, ਜਦ ਕਿ ਯਾਰ ਅਸਾਡਾ ਹੈ ।

ਇਕਸੁਰ ਵਿਚ ਪੰਜਾਬੀ, ‘ਬੇਕਸ’ ਆਖ ਰਹੇ,
ਹਰ ਇੱਕ ਯੋਧਾ ਸੂਰਾ, ਤੇ ਬਲਕਾਰ ਅਸਾਡਾ ਹੈ ।

---

ਪ੍ਰੋ: ਪੂਰਨ ਸਿੰਘ

●

ਜ਼ਰਾ ਕੁਝ ਸੋਚ ਤਾਂ ਲੈਂਦਾ, ਮੈਨੂੰ ਧਮਕਾਣ ਤੋਂ ਪਹਿਲਾਂ ।
ਕਿ ਆਪੇ ਨੂੰ ਪਰਖ ਲੈਂਦਾ, ਮੈਨੂੰ ਅਜ਼ਮਾਣ ਤੋਂ ਪਹਿਲਾਂ ।

ਬੁਲੰਦ ਕਿਰਦਾਰ ਹੈ ਸਾਡਾ, ਬੁਲੰਦ ਨੇ ਹੌਂਸਲੇ ਸਾਡੇ,
ਨਗਾਰੇ ਚੋਟ ਲਾਉਂਦੇ ਹਾਂ, ਅਸੀਂ ਟਕਰਾਣ ਤੋਂ ਪਹਿਲਾਂ ।

ਤੇਰੀ ਇਸ ਸੋਚ ਲੰਮੀ 'ਤੇ, ਅਸਾਨੂੰ ਮਾਣ ਹੈ ਸਭ ਨੂੰ,
ਵੈਰੀ ਕਈ ਰੰਗ ਬਦਲੇਗਾ, ਕਿ ਸਾਹਵੇਂ ਆਣ ਤੋਂ ਪਹਿਲਾਂ ।

ਇਹ ਸੁਣਿਐਂ ਆਖਦਾ ਹੈਂ ਤੂੰ, ਕਿ ਦੋਸ਼ੀ ਤੂੰ ਨਹੀਂ ਮੈਂ ਹਾਂ,
ਰੱਬ ਦਾ ਖ਼ੌਫ਼ ਖਾਇਆ ਕਰ, ਦੋਸ਼ ਤੂੰ ਲਾਣ ਤੋਂ ਪਹਿਲਾਂ ।

ਇਹ ਰੱਖੀਂ ਜ਼ਿਹਨ ਦੇ ਅੰਦਰ, ਕਿ ਯਾਦਾਂ ਸਾਥ ਛੱਡਣ ਨਾ,
ਨਵੀਆਂ ਲਾਣ ਤੋਂ ਪਹਿਲਾਂ, ਕਿ ਪ੍ਰੀਤਾਂ ਪਾਣ ਤੋਂ ਪਹਿਲਾਂ ।

ਹਿਜਰ ਦੀ ਅੱਗ ਜਲਾਵੇਗੀ, ਤੇਰਾ ਘਰ ਫੂਕ ਦੇਵੇਗੀ,
ਵਕਤ ਰਹਿੰਦੇ ਸੰਭਲ ਜਾ ਤੂੰ, ਕਿ ਅੱਗ ਭੜਕਾਣ ਤੋਂ ਪਹਿਲਾਂ ।

ਬੜਾ ਹੀ ਲਾਜ਼ਮੀ ਹੈ ਇਹ, ਪਤਾ ਹੋਵੇ ਇਹ ਮੁਲਜ਼ਿਮ ਨੂੰ,
ਬੇਦੋਸ਼ਾ ਨਹੀਂ ਉਹ ਕਾਤਿਲ ਹੈ, ਕਿ ਮਕਤਲ ਜਾਣ ਤੋਂ ਪਹਿਲਾਂ ।

ਕਿ ਦਾਮਨ-ਪਾਕ ਨਹੀਂ ਤੇਰਾ, ਗਿਰੇਬਾਂ ਝਾਕ ਲੈ ਅਪਣਾ,
ਕਿਸੇ ਦੇ ਪਾਕ-ਦਾਮਨ 'ਤੇ, ਕਿ ਹਰਫ਼ ਉਠਾਣ ਤੋਂ ਪਹਿਲਾਂ ।

ਨਿਭਾਵੇਂਗਾ ਕਿਵੇਂ 'ਬੇਕਸ', ਇਹ ਕੀਤੇ ਕੌਲ ਤੂੰ ਅਪਣੇ,
ਜ਼ਰਾ ਵੀ ਸੋਚਿਆ ਨਹੀਂ ਤੂੰ, ਇਹ ਕਸਮਾਂ ਖਾਣ ਤੋਂ ਪਹਿਲਾਂ ।

●

ਹਿੱਸੇ ਆਏ ਖ਼ਾਰ ਮੈਂ ਲਿਖਦਾਂ ।
ਲੇਕਿਨ ਸੋਚ ਵਿਚਾਰ ਮੈਂ ਲਿਖਦਾਂ ।

ਜਦ ਸ਼ਾਇਰੀ ਦੀ ਆਮਦ ਹੋਵੇ,
ਫੇਰ ਗ਼ਜ਼ਲ ਸਰਕਾਰ ਮੈਂ ਲਿਖਦਾਂ ।

ਪਾਠਕ ਅਕਸਰ ਫ਼ੋਨ ਨੇ ਕਰਦੇ,
ਗ਼ਜ਼ਲ ਬੜੀ ਦਮਦਾਰ ਮੈਂ ਲਿਖਦਾਂ ।

ਬਹਿਰਾਂ ਅੰਦਰ ਜੋ ਲਿਖਦਾ ਹੈ,
ਓਸੇ ਨੂੰ ਫਨਕਾਰ ਮੈਂ ਲਿਖਦਾਂ ।

ਮਾਂ ਬੋਲੀ ਮਾਂ ਵਾਂਗ ਹੀ ਪਿਆਰੀ,
ਮਾਂ ਵਰਗਾ ਸਤਿਕਾਰ ਮੈਂ ਲਿਖਦਾਂ ।

ਕਾਮੇ ਨਾਲ ਖੜ੍ਹਾਂ ਹਾਂ ਡੱਟ ਕੇ,
ਹਾਕਮ ਨੂੰ ਲਲਕਾਰ ਮੈਂ ਲਿਖਦਾਂ ।

ਜੋੜ-ਜੋੜ ਕੇ ਅੱਖਰ-ਅੱਖਰ,
ਅੱਖਰਾਂ ਦਾ ਸੰਸਾਰ ਮੈਂ ਲਿਖਦਾਂ ।

ਬਿੰਬਾਂ, ਅਲੰਕਾਰਾਂ ਸੰਗ ਸੋਂਹਦੀ,
ਗ਼ਜ਼ਲ ਦੇ ਨੇ ਸ਼ਿੰਗਾਰ ਮੈਂ ਲਿਖਦਾਂ ।

ਪਿਆਰਾ ਲੱਗਦੈਂ ਮੈਨੂੰ 'ਬੇਕਸ',
ਤਾਈਓਂ ਤੈਨੂੰ ਯਾਰ ਮੈਂ ਲਿਖਦਾਂ ।

●

ਆਮਦ ਦੇ ਆਸ਼ਾਰ ਮੈਂ ਲਿਖਦਾਂ ।
ਸ਼ਬਦਾਂ ਨੂੰ ਦੇ ਧਾਰ ਮੈਂ ਲਿਖਦਾਂ ।

ਬਿੰਬਾਂ, ਛੰਦਾਂ, ਅਲੰਕਾਰਾਂ ਸੰਗ,
ਸ਼ਿਅਰਾਂ ਨੂੰ ਸ਼ਿੰਗਾਰ ਮੈਂ ਲਿਖਦਾਂ ।

ਕਵਿਤਾ ਦੀ ਹਰ ਵਿਧਾ ਪਿਆਰੀ,
ਗ਼ਜ਼ਲ ਤੋਂ ਜਾਂ-ਨਿਸਾਰ ਮੈਂ ਲਿਖਦਾਂ ।

ਮਹਿਕਾਂ ਦੇ ਕਈ ਮੌਸਮ ਮਾਣੇ,
ਮਹਿਕਾਂ ਦੀ ਗੁੰਜਾਰ ਮੈਂ ਲਿਖਦਾਂ ।

ਮਜ਼ਲੂਮਾਂ ਦੀ ਲਿਖਾਂ ਜਾਂ ਗਾਥਾ,
ਗਹਿਰਾ ਸੋਚ ਵਿਚਾਰ ਮੈਂ ਲਿਖਦਾਂ ।

ਵੱਡਿਆਂ ਦੇ ਉਪਕਾਰ ਨਈਂ ਭੁੱਲਦੇ,
ਬੱਚਿਆਂ ਦਾ ਸੰਸਾਰ ਮੈਂ ਲਿਖਦਾਂ ।

ਕਾਮੇ ਦੇ ਦੁੱਖ ਜਰੇ ਨਾ ਜਾਂਦੇ,
ਹਾਕਮ ਨੂੰ ਵੰਗਾਰ ਮੈਂ ਲਿਖਦਾਂ ।

ਮਹਿਕਾਂ ਦੇ ਵਣਜਾਰੇ ਬਹੁਤੇ,
ਕੰਡਿਆਂ ਦੇ ਦੁੱਖ ਯਾਰ ਮੈਂ ਲਿਖਦਾਂ ।

ਦਿਲ ’ਤੇ ਜਦ ਬਣਦੀ ਹੈ ‘ਬੇਕਸ’,
ਫੇਰ ਗ਼ਜ਼ਲ ਸਰਕਾਰ ਮੈਂ ਲਿਖਦਾਂ ।

●

ਖੜਗ–ਭੁਜਾ ਮੈਂ ਸਿਰੜੀ ਕਾਮਾ, ਦੇਸ਼ ਦੇ ਅੰਨ ਭੰਡਾਰ ਭਰਾਂ।
ਇਕ ਬੁਝਾਰਤ ਮੈਂ ਵੈਰੀ ਲਈ, ਨਾ ਦੁਸ਼ਮਣ ਤੋਂ ਮੂਲ ਡਰਾਂ।

ਸੋਨੇ ਰੰਗੀਆਂ ਫ਼ਸਲਾਂ ਖਾਤਿਰ, ਅੱਗ ਦੇ ਸਾਗਰ ਰੋਜ਼ ਤਰਾਂ।
ਫੇਰ ਵੀ ਅੱਜ ਹੈ ਹਾਲਤ ਮੇਰੀ, ਕਿ ਸਲਫਾਸੀ ਮੌਤ ਮਰਾਂ।

ਆਜ਼ਾਦੀ ਦੀ ਹੀਰ ਲਈ ਜੋ, ਜਾਨਾਂ ਉੱਤੇ ਹੂਲ਼ ਗਏ,
ਰਾਜਗੁਰੂ–ਸੁਖਦੇਵ–ਭਗਤ ਸਿੰਘ, ਉੱਤੇ ਚੋਖਾ ਮਾਣ ਕਰਾਂ।

ਫਰੰਗੀ ਕਰ ਗਏ ਦੇਸ਼ ਦੇ ਟੋਟੇ, ਉਹ ਸਦਮਾ ਤਾਂ ਜਰਿਆ ਮੈਂ,
ਹਮਸਾਏ ਜੋ ਵਾਅਦੇ ਮੁੱਕਰੇ, ਕਿੱਦਾਂ ਸਦਮਾ ਇਹ ਜਰਾਂ ?

ਅੱਜ ਪਾਣੀ ਮੇਰੇ ਨੀਵੇਂ ਹੋਏ, ਹੜ੍ਹ ਨਸ਼ਿਆਂ ਦੇ ਆਏ ਨੇ,
ਡੀਕ ਰਹੇ ਨੇ ਸੋਹਲ ਜਵਾਨੀ, ਕੀਤੇ ਸੁੰਨੇ ਸ਼ਹਿਰ–ਗਰਾਂ।

ਮਾਣ–ਮੱਤਾ ਇਤਿਹਾਸ ਹੈ ਮੇਰਾ, ਵਿਰਸਾ ਗੌਰਵਸ਼ਾਲੀ ਹੈ,
ਬੇ–ਇਨਸਾਫੀ ਨੇ ਪੱਛਿਆ ਹੈ, ਤਾਈਓਂ ਦੁੱਖੜੇ ਢੇਰ ਜਰਾਂ।

ਰਹਿਣ ਰਵਾਨੀ ਦੇ ਵਿਚ ਦਰਿਆ, ਤੇ ਜੀਵਨ ਵੀ ਚਲਦਾ ਰਹੇ,
ਮੈਂ ਕਿਨਾਰਾ ਦਵਾਂ ਅਹੂਤੀ, ਤਿਣਕਾ–ਤਿਣਕਾ ਰੋਜ਼ ਖਰਾਂ।

ਸੂਰਜ ਹਾਂ ਮੈਂ ਏਸ ਧਰਤ ਦਾ, ਏਦਾਂ ਕਰਜ਼ ਉਤਾਰ ਰਿਹਾਂ,
ਜੱਗ ਨੂੰ ਚਾਨਣ ਰੋਜ਼ ਹੀ ਵੰਡਾਂ, ਤੇ ਧਰਤੀ ਦੇ ਦੁੱਖ ਹਰਾਂ।

ਬੋਲ ਪਪੀਹੇ ਦੇ ਸੁਣ ਕੇ ਮੈਂ, ਪਿਆਸ ਬੁਝਾਵਾਂ ਧਰਤੀ ਦੀ,
'ਬੇਕਸ' ਪਹਿਲੀ ਬੂੰਦ–ਸੁਆਂਤੀ, ਬੰਬੀਹੇ ਦੇ ਮੁੱਖ ਧਰਾਂ।

●

ਖਵਾਬ ਅਧੂਰੇ ਰਹਿ ਗਏ, ਤੇਰੇ ਸਾਥ ਬਿਨਾ ।
ਮਹਿਲ-ਮੁਨਾਰੇ ਢਹਿ ਗਏ, ਤੇਰੇ ਸਾਥ ਬਿਨਾ ।

ਹਰ ਨਜ਼ਰ ਝੁੱਕਦੀ ਸੀ, ਜਦ ਸੈਂ ਨਾਲ ਮਿਰੇ,
ਦਿਲ 'ਚ ਖੰਜਰ ਲਹਿ ਗਏ, ਤੇਰੇ ਸਾਥ ਬਿਨਾ ।

ਕਾਮਿਆਂ ਦੇ ਨਾਲ ਖੜ੍ਹ ਆ, ਇਨ੍ਹਾਂ ਲੜਦਿਆਂ ਦੇ,
ਕਿਲ੍ਹੇ ਅਜੇਤੂ ਢਹਿ ਗਏ, ਤੇਰੇ ਸਾਥ ਬਿਨਾ ।

ਪ੍ਰਦੇਸਾਂ ਤੋਂ ਆ ਜਾ, ਅਰਜ਼ਾਂ ਕਰਦੀ ਹਾਂ,
ਹਿਜਰ 'ਚ ਹੰਝੂ ਵਹਿ ਗਏ, ਤੇਰੇ ਸਾਥ ਬਿਨਾ ।

ਜਿਹਨਾਂ ਦੀਆਂ ਜੀਭਾਂ 'ਤੇ, ਤਾਲੇ ਰਹਿੰਦੇ ਸਨ,
ਦੂਤੀ ਸਭ ਕੁਝ ਕਹਿ ਗਏ, ਤੇਰੇ ਸਾਥ ਬਿਨਾ ।

ਹੋਰ ਸਹੇ ਨਾ ਜਾਵਣ, ਜੱਗ ਦੇ ਮਿਹਣੇ ਹੁਣ,
ਦਿਲ 'ਤੇ ਸੱਥਰ ਸਹਿ ਗਏ, ਤੇਰੇ ਸਾਥ ਬਿਨਾ ।

ਜਿਹਨਾਂ ਦੀ ਔਕਾਤ ਤੇ ਨਾ ਕੁਝ ਹਸਤੀ ਸੀ,
ਨਾਲ ਅਸਾਡੇ ਖਹਿ ਗਏ, ਤੇਰੇ ਸਾਥ ਬਿਨਾ ।

ਆਸਾਂ ਦੇ ਜੋ ਮਹਿਲ, ਉਸਾਰੀ ਬੈਠਾ ਸਾਂ,
ਢਹਿੰਦੇ-ਢਹਿੰਦੇ ਢਹਿ ਗਏ, ਤੇਰੇ ਸਾਥ ਬਿਨਾ ।

ਖਵਰੇ ਮਾਰ ਉਡਾਰੀ, ਕਿਹੜੇ ਦੇਸ ਗਿਐਂ,
'ਬੇਕਸ' ਹਾਰ ਕੇ ਬਹਿ ਗਏ, ਤੇਰੇ ਸਾਥ ਬਿਨਾ ।

●

ਨੈਣਾਂ ਵਿੱਚ ਭਰੀ ਖ਼ੁਮਾਰੀ ਏ ।
ਤੇਰੀ ਸੂਰਤ ਬੜੀ ਪਿਆਰੀ ਏ ।

ਤੂੰ ਮਾਤ ਚਾਂਦਨੀ ਨੂੰ ਪਾਵੇਂ,
ਤੇਰੀ ਹਰ ਅਦਾ ਨਿਆਰੀ ਏ ।

ਅਜ਼ਲਾਂ ਤੋਂ ਜਿਸਨੂੰ ਚਾਹੁੰਦਾ ਹਾਂ,
ਉਹ ਫਿਰਦੀ ਮਾਰੀ ਮਾਰੀ ਏ ।

ਤੇਰਾ ਮਹਿਕਾਂ-ਰੱਤਾ ਰੂਪ ਕੁੜੇ,
ਹਰ ਪਾਸੇ ਮਹਿਕ ਖਿਲਾਰੀ ਏ ।

ਮੇਰੇ ਦਿਲ ਦੀ ਤਾਣੀ ਉਲਝੀ ਹੈ,
ਤੂੰ ਜਦ ਵੀ ਜ਼ੁਲਫ਼ ਸੰਵਾਰੀ ਏ ।

ਤੂੰ ਚਾਕ ਜਿਗਰ ਨੂੰ ਕੀਤਾ ਹੈ,
ਤੇਰੀ ਤਿਰਛੀ ਨੈਣ ਕਟਾਰੀ ਏ ।

ਤੂੰ ਨਜ਼ਰਾਂ ਫੇਰ ਕੇ ਲੰਘੇਂ ਜਦ,
ਮੇਰੇ ਸੀਨੇ ਚਲਦੀ ਆਰੀ ਏ ।

ਜਿਸ ਬਾਜ਼ੀ ਲਾਈ ਤੇਰੇ ਸੰਗ,
ਆਖ਼ਿਰ ਉਸ ਬਾਜ਼ੀ ਹਾਰੀ ਏ ।

ਇਸ਼ਕੇ ਦਾ ਕਲਮਾ ਪੜ੍ਹ 'ਬੇਕਸ',
ਮੈਂ ਸਾਰੀ ਉਮਰ ਗੁਜ਼ਾਰੀ ਏ ।

●

ਜੀਵਨ ਵਿੱਚ ਉਮੰਗ ਰਹੀ ਨਾ ।
ਦਿਲ ਦੇ ਵਿਚ ਤਰੰਗ ਰਹੀ ਨਾ ।

ਦੁੱਖਾਂ ਨੇ ਆ ਪਾਇਐ ਘੇਰਾ,
ਖ਼ੁਸ਼ੀ ਜੁ ਸਾਡੇ ਸੰਗ ਰਹੀ ਨਾ ।

ਨਿੱਤ ਧਮਾਲਾਂ ਪਾਉਂਦੀ ਸੀ ਜੋ,
ਹੁਣ ਉਹ ਮਸਤ-ਮਲੰਗ ਰਹੀ ਨਾ ।

ਝੱਲਿਆਂ ਕੀਤੈ ਯਾਦ ੳਸਦੀ,
ਜੀਵਨ ਦਾ ਜੋ ਅੰਗ ਰਹੀ ਨਾ ।

ਜੀਵਨ ਸਾਥੀ ਤੁਰਿਐ ਜਦ ਤੋਂ,
ਵੀਣੀ-ਚੂੜਾ, ਵੰਗ ਰਹੀ ਨਾ ।

ਸ਼ਰਮ ਹਯਾ ਸਭ ਛਿੱਕੇ ਟੰਗੇ,
ਮਰਜਾਣੀ ਨੂੰ ਸੰਗ ਰਹੀ ਨਾ ।

ਪਾਪਾਂ ਨੂੰ ਹੁਣ ਕਿੱਥੇ ਧੋਈਏ ?
ਜਦ ਕਿ ਨਿਰਮਲ ਗੰਗ ਰਹੀ ਨਾ ।

ਮੌਲਣ ਬਾਗੀਂ ਫੇਰ ਬਹਾਰਾਂ,
ਪੱਤਝੜ ਹੁਣ ਬਦਰੰਗ ਰਹੀ ਨਾ ।

ਮਿਹਨਤ ਰੰਗ ਲਿਆਈ 'ਬੇਕਸ',
ਗੁਰਬਤ ਦੇ ਨਾਲ ਜੰਗ ਰਹੀ ਨਾ ।

●

ਲੰਘੇ ਦਿਨ ਜਿਉਂ ਸਾਲ, ਉਡੀਕਾਂ ਤੇਰੀਆਂ ਅੰਦਰ ।
ਜੀਣਾ ਹੋਇਐ ਮੁਹਾਲ, ਉਡੀਕਾਂ ਤੇਰੀਆਂ ਅੰਦਰ ।

ਜ਼ਿਕਰ ਤੇਰਾ ਜਦ ਆਵੇ, ਦਿਲ 'ਚੋਂ ਰੁੱਗ ਭਰਜੇ,
ਤੇਰੀ ਮਾਂ ਵੀ ਰੋਵੇ ਨਾਲ, ਉਡੀਕਾਂ ਤੇਰੀਆਂ ਅੰਦਰ ।

ਕੇਹੀ ਸੁਭਾਗੀ-ਰੁੱਤੇ, ਪਰਤ ਕੇ ਆਵੇਂਗਾ,
ਬੀਤ ਗਏ ਕਈ ਸਾਲ, ਉਡੀਕਾਂ ਤੇਰੀਆਂ ਅੰਦਰ ।

ਤਿਰੀ ਜੁਦਾਈ ਦਾ ਗ਼ਮ, ਸਹਿ ਹੁਣ ਹੁੰਦਾ ਨਈਂ,
ਮੰਦੜਾ ਹੋਇਐ ਹਾਲ, ਉਡੀਕਾਂ ਤੇਰੀਆਂ ਅੰਦਰ ।

ਕੀਤੈ ਬਹੁਤ ਸਬਰ ਮੈਂ, ਹੁਣ ਆਖੀਰ ਹੋਈ,
ਹੋਇਐ ਹਾਲ-ਬੇਹਾਲ, ਉਡੀਕਾਂ ਤੇਰੀਆਂ ਅੰਦਰ ।

ਚੰਨਾ ! ਕਿਹੜੇ ਹਾਲ ਤੂੰ, ਖੌਰੇ ਹੈਂ ਕਿੱਥੇ,
ਉੱਠਣ ਕਈ ਸਵਾਲ, ਉਡੀਕਾਂ ਤੇਰੀਆਂ ਅੰਦਰ ।

ਤੇਰੇ ਬਾਝੋਂ ਕੁਝ ਵੀ, ਮੈਨੂੰ ਭਾਉਂਦਾ ਨਈਂ,
ਸਾਹਵੇਂ ਦਿੱਸਦੈ ਕਾਲ, ਉਡੀਕਾਂ ਤੇਰੀਆਂ ਅੰਦਰ ।

ਕਦ ਦਰਵਾਜ਼ਾ ਮੇਰਾ, ਖਟ-ਖਟਾਵੇਂਗਾ,
ਰਹਿੰਦਾ ਸਦਾ ਖ਼ਿਆਲ, ਉਡੀਕਾਂ ਤੇਰੀਆਂ ਅੰਦਰ ।

'ਬੇਕਸ' ਮੌਤ ਸਿਰਹਾਣੇ, ਮੇਰੇ ਆਣ ਖੜ੍ਹੀ,
ਰਿਹਾਂ ਬਥੇਰਾ ਟਾਲ, ਉਡੀਕਾਂ ਤੇਰੀਆਂ ਅੰਦਰ ।

●

ਹੈ ਧੜਕਣਾਂ 'ਚ ਵਾਸਾ, ਇਸ ਦਿਲ ਨੂੰ ਤੇਰੀ ਚਾਹ ।
ਕਿੰਨਾ ਕੁ ਬੇਸਬਰ ਮੈਂ, ਇਸ ਦਾ ਖ਼ੁਦਾ ਗਵਾਹ ।

ਤੇਰਾ ਆਉਣਾ ਮੰਨਿਆ, ਹੈ ਮੁਨੱਸਰ ਤੇਰੇ 'ਤੇ
ਦਿਲ ਨੂੰ ਧੀਰਜ ਦੇਵਾਂ, ਹੈ ਰਾਹਾਂ 'ਤੇ ਨਿਗਾਹ ।

ਹੈ ਦਿਲ ਮੇਰਾ ਦੀਵਾਨਾ, ਕਿ ਦੀਦ ਤੇਰੀ ਖਾਤਿਰ,
ਇਸ ਦਿਲ 'ਚੋਂ ਹੂਕ ਉੱਠਦੀ, ਪਰ ਕਰ ਰਿਹਾਂ ਦੁਆ ।

ਆਸ ਹੈ ਆਸਾਂ ਨੂੰ, ਪੈਣਾ ਹੈ ਬੂਰ ਇਕ ਦਿਨ,
ਦਿਲ ਮੇਰਾ ਕਹਿ ਰਿਹਾ ਹੈ, ਐਵੇਂ ਨਾ ਢੇਰੀ ਢਾਹ ।

ਮੈਂ ਪਰਤ ਕੇ ਆਵਾਂਗਾ, ਵਾਅਦਾ ਤੂੰ ਕਰ ਗਿਆ ਸੈਂ,
ਹੋ ਗਈ ਏ ਦੇਰ ਬਹੁਤੀ, ਹੁਣ ਦਰਸ ਆ ਦਿਖਾ ।

ਤੂੰ ਬੇਵਫ਼ਾ ਕੀ ਹੋਇਐਂ, ਚਰਚੇ ਗਲੀ-ਗਲੀ ਵਿਚ,
ਮੈਂ ਚਾਹੁੰਨਾ ਮੇਰੇ ਚੰਨਾ, ਫਰਜ਼ਾਂ ਨੂੰ ਤੂੰ ਨਿਭਾਅ ।

ਚੰਨਾ ! ਮੈਂ ਬਾਪ ਤੇਰਾ, ਰੱਖਿਆ ਏ ਲੰਮਾ ਜੇਰਾ,
ਹੁਣ ਧੀਰ ਟੁੱਟਦੀ ਜਾਂਦੀ, ਰੁੱਕਦਾ ਏ ਜਾਂਦਾ ਸਾਹ ।

ਖੌਰੇ ਕਿਉਂ ਬਦਲ ਕੇ ਤੂੰ, ਭੁੱਲਿਆ ਹੈਂ ਸਭੋ ਕੁਝ ਹੀ,
ਤੂੰ ਆ ਕੇ ਆਪਣੇ ਪੈਰੀਂ, ਇਹ ਘਰ ਮੇਰਾ ਰੁਸ਼ਨਾ ।

ਰੱਖੀਂ ਨਾ ਆਸ ਇਹ ਤੂੰ, ਸੰਭਵ ਨਹੀਂ ਇਹ ਚੰਨਾ,
ਨਬਜ਼ ਰਹੂ ਇਹ ਚਲਦੀ, 'ਬੇਕਸ' ਹੈ ਕੀ ਵਿਸਾਹ ।

●

ਇੱਕ ਕਾਮਲ ਮੁਰਸ਼ਦ ਨੇ ਮੇਰੇ, ਸਿਰ ਉੱਤੇ ਹੱਥ ਧਰਿਆ ਹੈ ।
ਜਿਸ ਦੇ ਸਦਕਾ ਹੀ ਮੈਂ ਇਹ, ਕਾਵਿ ਦਾ ਸਾਗਰ ਤਰਿਆ ਹੈ ।

ਰਾਹਾਂ ਦੀ ਦੁਸ਼ਵਾਰੀ ਤੱਕ ਕੇ, ਜਿਸ ਨੇ ਜੇਰਾ ਹਰਿਆ ਨਹੀਂ,
ਓਸੇ ਨੂੰ ਮਿਲਦੀ ਹੈ ਮੰਜ਼ਿਲ, ਜਿਸ ਨੇ ਜੇਰਾ ਕਰਿਆ ਹੈ ।

ਦਿਲ ਦੀ ਬਾਰੀ ਜਦ ਵੀ ਖੋਲ੍ਹਾਂ, ਯਾਦ ਸੱਜਣ ਦੀ ਆ ਜਾਵੇ,
ਇਸ਼ਕੇ ਦਾ ਚਰਖਾ ਜਾਂ ਡਾਹਵਾਂ, ਯਾਦਾਂ ਹਉਕਾ ਭਰਿਆ ਹੈ ।

ਇਸ ਮਾਰੂ ਔੜ ਦੇ ਕਾਰਣ, ਕਲੀ-ਕਲੀ ਮੁਰਝਾਈ ਏ,
ਰੱਬਾ ! ਤੇਰੀ ਰਜ਼ਾ ਹੈ ਤਾਈਓਂ, ਗੁਲਸ਼ਨ ਹਰਿਆ-ਭਰਿਆ ਹੈ ।

ਜਦ ਵੀ ਤੱਕਾਂ ਤੀਰ ਮੈਂ ਤਿੱਖੇ, ਹਰ ਕਾਫ਼ਰ ’ਤੇ ਕੱਸਦਾ ਹਾਂ,
ਇਸੇ ਕਰਕੇ ਹਰ ਇਕ ਕਾਫ਼ਰ, ਰਹਿੰਦਾ ਡਰਿਆ-ਡਰਿਆ ਹੈ ।

ਨਦੀ ਦਾ ਮੈਂ ਕਿਨਾਰਾ ਬਣ ਕੇ, ਨਾਲ ਨਦੀ ਦੇ ਚਲਦਾ ਹਾਂ,
ਨਦੀ ਦੇ ਧਾਰੇ ਖਾਤਿਰ ਅਕਸਰ, ਪਿੰਡਾ ਮੇਰਾ ਖਰਿਆ ਹੈ ।

ਸ਼ਿਅਰਾਂ ’ਤੇ ਦਾਦ ਸਦਾ ਹੀ, ਮਹਿਫਿਲ ਵਿਚੋਂ ਮਿਲਦੀ ਏ,
ਲੇਕਿਨ ਇਸ ਦੇ ਕਾਬਿਲ ਮੈਨੂੰ, ਮੁਰਸ਼ਦ ਮੇਰੇ ਕਰਿਆ ਹੈ ।

ਪਰਖਣ ਲਈ ਇਨਸਾਫ ਮਸੀਹੇ, ਦਰ ਤੇਰੇ ’ਤੇ ਆਏ ਨੇ,
ਇੱਕ ਅਦਨੇ ਫਰਿਆਦੀ ਨੇ, ਸਰਦਲ ’ਤੇ ਸਿਰ ਧਰਿਆ ਹੈ ।

‘ਬੇਕਸ’ ਏਨੀ ਨਿਘਰ ਗਈ ਹੈ, ਕਿਰਸਾਨੀ ਦੀ ਹਾਲਤ ਅੱਜ,
ਪੀੜਾਂ ਭਰਿਆ ਸੀ ਕਿਰਸਾਨ, ਖਾ ਸਲਫਾਸ ਉਹ ਮਰਿਆ ਹੈ ।

●

ਮਾਪਿਆਂ ਦੀ ਗ਼ਮਖ਼ਾਰ, ਹੈ ਪਿਆਰੀ-ਪਿਆਰੀ ਬੱਚੀ ।
ਫੇਰ ਵੀ ਸਮਝਣ ਭਾਰ, ਹੈ ਪਿਆਰੀ-ਪਿਆਰੀ ਬੱਚੀ ।

ਕਲੀਆਂ ਵਾਂਗੂੰ ਮਹਿਕਾਂ, ਵੰਡਦੀ ਰਹਿੰਦੀ ਹੈ,
ਇੱਕ ਖਿੜੀ ਗੁਲਜ਼ਾਰ, ਹੈ ਪਿਆਰੀ-ਪਿਆਰੀ ਬੱਚੀ ।

ਪੁੱਤਰਾਂ ਨੂੰ ਫੁੱਲ ਆਖੋ, ਆਖੋ ਲੱਖ ਵਾਰੀ,
ਪਰ ਨਾ ਆਖੋ ਖ਼ਾਰ, ਹੈ ਪਿਆਰੀ-ਪਿਆਰੀ ਬੱਚੀ ।

ਪੁੱਤ ਜੰਮੇ ਤਾਂ, ਢੋਲ਼-ਢਮੱਕੇ ਵੱਜਦੇ ਨੇ,
ਦੁਨੀਆਂ ਸਮਝੇ ਹਾਰ, ਹੈ ਪਿਆਰੀ-ਪਿਆਰੀ ਬੱਚੀ ।

ਮੀਰਾਂ-ਦੁਰਗਾ-ਲਛਮੀ, ਜਗਤ ਦੀ ਜਨਨੀ ਹੈ,
ਜੀਵਨ ਦਾ ਆਧਾਰ, ਹੈ ਪਿਆਰੀ-ਪਿਆਰੀ ਬੱਚੀ ।

ਪਰੀਆਂ ਤੋਂ ਵੱਧ ਸੋਹਣੀ, ਦਿਲਕਸ਼ ਕੋਮਲ ਹੈ,
ਕੁਦਰਤ ਦਾ ਉਪਹਾਰ, ਹੈ ਪਿਆਰੀ-ਪਿਆਰੀ ਬੱਚੀ ।

ਬਾਬਲ ਦੀ ਖ਼ੈਰ ਮਨਾਵੇ, ਵੀਰ ਲਈ ਕਰੇ ਦੁਆ,
ਮਾਂ ਤੋਂ ਲੈਂਦੀ ਪਿਆਰ, ਹੈ ਪਿਆਰੀ-ਪਿਆਰੀ ਬੱਚੀ ।

ਬਾਬਲ ਵਿਹੜੇ ਰਹਿੰਦੀ, ਨਾ ਇਹ ਕੂੰਜ ਸਦਾ,
ਰਲ਼ ਜਾਂਦੀ ਵਿੱਚ ਡਾਰ, ਹੈ ਪਿਆਰੀ-ਪਿਆਰੀ ਬੱਚੀ ।

ਮਾਂ ਨਾਲ ਦੁੱਖ-ਸੁੱਖ, ਸਾਂਝੇ ਕਰਦੀ ਰਹਿੰਦੀ ਹੈ,
'ਬੇਕਸ' ਦਾ ਸੰਸਾਰ, ਹੈ ਪਿਆਰੀ-ਪਿਆਰੀ ਬੱਚੀ ।

●

ਪਿੰਗਲ ਦੇ ਜਾਣਕਾਰ ਸ਼ਾਇਰ ।
ਕਾਵਿ ਨੂੰ ਰਹੇ ਨਿਖਾਰ ਸ਼ਾਇਰ ।

ਬਿੰਬਾਂ, ਛੰਦਾਂ, ਅਲੰਕਾਰਾਂ ਸੰਗ,
ਗ਼ਜ਼ਲ ਨੂੰ ਰਹੇ ਸ਼ਿੰਗਾਰ ਸ਼ਾਇਰ ।

ਨਾਨਕ ਸ਼ਾਇਰ ਦੇ ਹਮਰਾਹੀ,
ਹਾਕਮ ਲਈ ਵੰਗਾਰ ਸ਼ਾਇਰ ।

ਕਿੱਸੇ ਲਿਖਦੇ ਕਾਵਿ ਦੇ ਅੰਦਰ,
ਹੋ ਹੋ ਪੱਬਾਂ-ਭਾਰ ਸ਼ਾਇਰ ।

ਮਾਂ-ਬੋਲੀ ਦੇ ਸਰਵਣ-ਪੁੱਤਰ,
ਵਾਰਿਸ, ਕਾਦਰਯਾਰ ਸ਼ਾਇਰ ।

ਦਾਮਨ, ਪੀਲੂ, ਹਾਸ਼ਿਮ ਵਾਂਗੂੰ,
ਬੁੱਲ੍ਹਾ ਸ਼ਾਹ-ਅਸਵਾਰ ਸ਼ਾਇਰ ।

ਪੀੜ ਪਰਾਈ ਨਿੱਠ ਕੇ ਆਖਣ,
ਕਦੇ ਨਾ ਮੰਨਦੇ ਹਾਰ ਸ਼ਾਇਰ ।

ਹਿੰਮਤ ਸਾਹਵੇਂ ਕੁਝ ਨਾ ਠਹਿਰੇ,
ਕਰ ਰਏ੍ਹ ਕੂਕ-ਪੁਕਾਰ ਸ਼ਾਇਰ ।

'ਬੇਕਸ' ਕਿਉਂ ਨਾ ਨਾਜ਼ ਕਰਾਂ ਮੈਂ,
ਕਰਦੇ ਮੈਨੂੰ ਪਿਆਰ ਸ਼ਾਇਰ ।

●

ਸੋਚ ਉਸਾਰੂ ਪੈੜਾਂ ਪਾਉਂਦੀ ।
ਕਦੇ ਨਾ ਦਲਦਲ ਵਿਚ ਫਸਾਉਂਦੀ ।

ਕਲਮ ਤਾਂ ਇਤਨੀ ਤਾਕਤਵਰ ਹੈ,
ਰੱਕੜਾਂ 'ਚੋਂ ਵੀ ਫੁੱਲ ਉਗਾਉਂਦੀ ।

ਗੀਤ - ਕੱਵਾਲੀ - ਠੁਮਰੀ - ਟੱਪੇ,
ਕਵਿਤਾ ਦੀ ਹਰ ਵਿਧਾ ਲੁਭਾਉਂਦੀ ।

ਦੁਨੀਆਂ ਭਰ ਦਾ ਹਰ ਇਕ ਮਸਲਾ,
ਗ਼ਜ਼ਲ ਪਈ ਹੈ ਅੱਜ ਉਠਾਉਂਦੀ ।

ਚੇਤਨ ਕਵੀ ਦੀ ਚੇਤਨ ਸ਼ਾਇਰੀ,
ਚੇਤਨਤਾ ਦਾ ਪਾਠ ਪੜ੍ਹਾਉਂਦੀ ।

ਗ਼ਜ਼ਲ ਦੇ ਤਲ ਤੱਕ ਡੂੰਘਾ ਲਹਿ ਕੇ,
ਸ਼ਾਇਰ ਦੀ ਹੈ ਰੂਹ ਨਸ਼ਿਆਉਂਦੀ ।

ਅਨਪੜ੍ਹਤਾ ਨੂੰ ਪੱਛ ਲਗਾ ਕੇ,
ਕਵਿਤਾ 'ਨ੍ਹੇਰੇ ਦੂਰ ਭਜਾਉਂਦੀ ।

ਦਲਦਲ ਦੇ ਵਿਚ ਜੂਝ ਰਹੇ ਨੂੰ,
ਹਿੰਮਤ ਹੀ ਹੈ ਪਾਰ ਲੰਘਾਉਂਦੀ ।

ਬਹਿਰ-ਵਜ਼ਨ ਵਿਚ ਕਹੀ ਹੋਈ ਗੱਲ,
'ਬੇਕਸ' ਸਦਾ ਹੀ ਅਸਰ ਦਿਖਾਉਂਦੀ ।

●

ਦੁਨੀਆ ਉੱਤੇ ਅਮਨਾਂ ਵਾਲੀ, ਵੱਗਦੀ ਰਏ੍ਹ ਠੰਡੀ ਹਵਾ ।
ਆਓ ! ਆਪਾਂ ਰਲ਼-ਮਿਲ ਸਾਰੇ, ਕਰੀਏ ਇਹੋ ਹੀ ਦੁਆ ।

ਖੌਰੇ ਕਿਹੜੀਆਂ ਸੋਚਾਂ ਵਿੱਚ ਹੈਂ, ਸੋਚਾਂ ਵਿਚੋਂ ਬਾਹਰ ਤੂੰ ਆ ।
ਤੇਰੀ ਮੰਜ਼ਿਲ ਸਾਹਵੇਂ ਤੇਰੇ, ਚੱਲ ਉਠ ਛੇਤੀ ਕਦਮ ਵਧਾ ।

ਏਕੇ ਵਾਲੀ ਵੰਝਲੀ ਲੈ ਕੇ, ਹੱਕਾਂ ਵਾਲਾ ਬਿਗਲ ਵਜਾ ।
ਫੇਰ ਹੋਵੇਗਾ ਹਾਕਮ ਰਾਜ਼ੀ, ਪੁੱਛੇਗਾ ਤੇਰੀ ਰਜ਼ਾ ।

ਆਪਸ ਦੇ ਵਿਚ ਆਪਾਂ ਸਾਰੇ, ਘਿਉ-ਖਿੱਚੜੀ ਜੇ ਹੋ ਰਏ੍ਹੀਏ,
ਫੇਰ ਤਾਂ ਇਸ ਜੱਗ ਦੇ ਕੋਲੋਂ, ਪਰ੍ਹੇ ਰਹੇਗੀ ਹਰ ਕਜ਼ਾ ।

ਨਫ਼ਰਤ ਤੇ ਸਾੜੇ ਦੀਆਂ ਹੱਦਾਂ, ਅੰਦਰ ਜਦ ਤਕ ਝੂਰਾਂਗੇ,
ਇਕਲਾਪੇ ਦੀ ਕੈਦ ਮਿਲੇਗੀ, ਤੇ ਭੋਗਾਂਗੇ ਅਸੀਂ ਸਜ਼ਾ ।

ਕਦੇ ਕਿਸੇ ਦਾ ਦਰਦ ਵੰਡਾ ਕੇ, ਵੇਖੋ ਤਾਂ ਇਹ ਜਾਣੋਗੇ,
ਕਿੰਨਾ ਲੁਤਫ਼ ਹੈ ਓਦ੍ਹੇ ਅੰਦਰ, ਕਿੰਨਾ ਆਉਂਦਾ ਹੈ ਮਜ਼ਾ ।

ਬੌਣਾ ਕੱਦ ਹੈ ਸੋਚ ਵੀ ਬੌਣੀ, ਸੋਚ ਵਡੇਰੀ ਕਰ ਲੈ ਤੂੰ,
ਤੇਰੇ ਸਾਹਵੇਂ ਝੁਕੇਗੀ ਦੁਨੀਆਂ, ਅਮਰ ਰਹੂ ਕਿਰਦਾਰ ਸਦਾ ।

ਇਸ਼ਕ ਦੇ ਰਾਹੀਂ ਪੈਰ ਧਰੀਂ ਨਾ, ਜੇਕਰ ਸਿਦਕ ਨਈ੍ਹੀਂ ਪੱਲੇ,
ਕਦਮ ਕਦਮ 'ਤੇ ਰਾਹ ਰੋਕੇਗਾ, ਸ਼ਾਤਰ ਦੂਤੀ ਨੀਚ ਬੜਾ ।

'ਬੇਕਸ' ਇਹ ਤਾਂ ਮੁਮਕਿਨ ਨਈ੍ਹੀਂ, ਭਟਕਾਂ ਜਾਂ ਕਿ ਥਿੜਕਾਂ ਮੈਂ,
ਮੁਰਸ਼ਦ ਜਦ ਹੈ ਨਾਲ ਮੇਰੇ, ਤੇ ਕਾਇਮ ਉਸਦੀ ਹੈ ਰਜ਼ਾ ।

●

ਆਲਸ ਛੱਡ ਅੱਖੀਆਂ ਦਾ ਤਾਰਾ ਹੋ ਜਾ ਤੂੰ ।
ਮਿਹਨਤ ਕਰਕੇ ਸਭ ਦਾ, ਪਿਆਰਾ ਹੋ ਜਾ ਤੂੰ ।

ਚੰਦਨ ਨੇੜੇ ਰਹਿ ਜੇ, ਮਹਿਕ ਵਿਹੂਣਾ ਹੈਂ,
ਛੋਹ ਲੈ ਪਾਰਸ, ਕੁੰਦਨ ਸਾਰਾ ਹੋ ਜਾ ਤੂੰ ।

ਬੱਸ ਮਿਹਨਤ ਹੀ, ਖ਼ੁਸ਼ੀਆਂ ਦੇ ਭੰਡਾਰ ਭਰੇ,
ਇਸ ਮਿੱਟੀ ਸੰਗ, ਮਿੱਟੀ-ਗਾਰਾ ਹੋ ਜਾ ਤੂੰ ।

ਤੇਰੇ ਨੇ ਅਪਣੇ ਮਾਪੇ, ਸਮਝ ਬੇਗਾਨੇ ਨਾ,
ਸਰਵਣ ਦੇ ਵਾਂਗੂੰ, ਸਹਾਰਾ ਹੋ ਜਾ ਤੂੰ ।

ਤੇਰੀ ਹਿਟਲਰ-ਸ਼ਾਹੀ, ਬਹੁਤੀ ਚੱਲਣੀ ਨਈ੍ਹੀਂ,
ਲੋਕਾਂ ਦੀਆਂ ਨਜ਼ਰਾਂ 'ਚ, ਸਿਤਾਰਾ ਹੋ ਜਾ ਤੂੰ ।

ਬਿਰਹਣ ਰਹੀ ਉਡੀਕ, ਹੈ ਤੈਨੂੰ ਅਰਸੇ ਤੋਂ,
ਧੀਰਜ ਦੇ ਕੇ, ਮਿੱਠਾ ਲਾਰਾ ਹੋ ਜਾ ਤੂੰ ।

ਜੇ ਤੂੰ ਅਪਣੀ ਹੋਂਦ, ਬਚਾਉਣੀ ਚਾਹੁੰਦਾ ਹੈਂ,
ਮਿੱਠੇ ਦੀ ਥਾਂ, ਕੜਵਾ-ਖਾਰਾ ਹੋ ਜਾ ਤੂੰ ।

ਭੇਡਾਂ ਦੇ ਵਿਚ ਰਲਣਾ, ਤੇਰੀ ਸ਼ਾਨ ਨਹੀਂ,
ਅਪਣੀ ਸੋਚ ਨੂੰ ਬਦਲ, ਨਿਆਰਾ ਹੋ ਜਾ ਤੂੰ ।

ਤੈਨੂੰ ਜ਼ਿੰਦਾ ਰੱਖੇਗੀ, ਇਹ ਗ਼ਜ਼ਲ ਵਿਧਾ,
'ਬੇਕਸ' ਗ਼ਜ਼ਲ ਵਿਧਾ ਦਾ, ਸਾਰਾ ਹੋ ਜਾ ਤੂੰ ।

●

ਖੰਭ ਮੋਮ ਦੇ ਸਨ ਐਪਰ, ਮੈਂ ਯਾਰੀ ਸੂਰਜ ਸੰਗ ਲਾਈ ।
ਆਸਾਂ ਦੇ ਪਰ੍ਹ ਪਿਘਲੇ ਜਦ, ਹੋਸ਼ ਹੀ ਮੈਨੂੰ ਤਦ ਆਈ ।

ਤੈਨੂੰ ਨਾ ਪਾ ਸਕਣ ਦਾ ਭਾਵੇਂ, ਦਿਲ ਨੂੰ ਬੇਹੱਦ ਝੋਰਾ ਹੈ,
ਤੇਰੀਆਂ ਯਾਦਾਂ ਦੇ ਸੰਗ ਐਪਰ, ਪੱਕੀ ਮੇਰੀ ਕੁੜਮਾਈ ।

ਕਿਧਰੇ ਕੋਈ ਕਸੂਰ ਨਾ ਮੇਰਾ, ਨਾ ਹੀ ਮੇਰੀ ਖ਼ਤਾ ਕੋਈ,
ਤੇਰੇ ਚੰਦਰੇ ਦਿਲ ਦੇ ਉੱਤੇ, ਜੇਕਰ ਮੈਂ ਹੀ ਹਾਂ ਛਾਈ ।

ਜਿਸ ਨੇ ਰੰਗਲੇ ਖ਼ਾਬ ਦਿਖਾਏ, ਤੇ ਦਿਲ ਵਿਚ ਘਰ ਕੀਤਾ ਏ,
ਪ੍ਰੀਤ ਦੀ ਰੀਤ ਤੋਂ ਕੋਰਾ ਸੀ ਉਹ, ਤੇ ਅੰਤਾਂ ਦਾ ਹਰਜਾਈ ।

ਹਿਜਰ 'ਚ ਗੋਤੇ ਖਾਂਦੀ ਸਾਂ ਤੇ ਬਿਰਹਾ ਜੂਨ ਹੰਢਾਉਂਦੀ ਸਾਂ,
ਵਰ੍ਹਿਆਂ ਬਾਦ ਚੰਨ ਮੇਰੇ ਨੇ, ਆਉਣ ਦੀ ਚਿੱਠੀ ਹੈ ਪਾਈ ।

ਆਸ ਮਿਲਣ ਦੀ ਜਾਗੀ ਹੈ, ਨਹੀਂ ਕਾਬੂ ਹੁਣ ਆਪੇ 'ਤੇ,
ਦਿਲ ਵਿੱਚ ਨੇ ਤੂਫ਼ਾਨ ਹਜ਼ਾਰਾਂ, ਯਾਦਾਂ ਲਈ ਹੈ ਅੰਗੜਾਈ ।

ਕੁਝ ਕੁ ਹਾਸੇ ਹਿੱਸੇ ਆਏ, ਇਸ ਤੋਂ ਤਾਂ ਇਨਕਾਰ ਨਹੀਂ,
ਉਮਰ ਦਾ ਬਹੁਤਾ ਹਿੱਸਾ ਐਪਰ, ਹਿਜਰ ਦੀ ਭੱਠੀ ਹੈ ਤਾਈ ।

ਚਿਹਰੇ ਤੇਰੇ ਮੁਸਕਾਨ ਰਹੇ, ਦਿਲ ਮੇਰੇ ਦੀ ਖਾਹਿਸ਼ ਹੈ,
ਏਸੇ ਲਈ ਹੀ ਹਰ ਖੁਸ਼ੀ ਮੈਂ, ਝੋਲ ਤੇਰੀ ਵਿਚ ਹੈ ਪਾਈ ।

ਸੁੱਚੀਆਂ-ਰੀਝਾਂ ਅਰਪਨ ਕਰਕੇ, ਰੂਪ ਦੇ ਲੋਭੀ ਭੰਵਰੇ ਨੂੰ,
ਮੁੱਖ ਮੋੜ ਕੇ ਤੈਥੋਂ 'ਬੇਕਸ', ਮੈਂ ਡਾਹਢਾ ਹੀ ਪਛਤਾਈ ।

●

ਮੇਰਾ ਇਹ ਜੀਅ ਨਹੀਂ ਲੱਗਦਾ, ਤੇਰੇ ਤੁਰ ਜਾਣ ਦੇ ਮਗਰੋਂ ।
ਕਿਵੇਂ ਬੀਤੇਗੀ ਇਹ ਉਮਰਾ, ਕਿ ਹਾਣੀ ਹਾਣ ਦੇ ਮਗਰੋਂ ।

ਇਹ ਕਹਿੰਦਾ ਰੋਜ਼ ਸੈਂ ਮੈਨੂੰ, ਤੇਰਾ ਨਾ ਸਾਥ ਛੱਡਾਂਗਾ,
ਵਿਛੋੜਾ ਦੇ ਗਿਐਂ ਚੰਨਾਂ, ਮੈਨੂੰ ਅਪਨਾਣ ਦੇ ਮਗਰੋਂ ।

ਕਦੇ ਤੂੰ ਜ਼ਿਕਰ ਛੋਹਿਆ ਸੀ, ਕਿ ਹੁਣ ਮੈਂ ਹੋਰ ਨਹੀਂ ਜੀਣਾ,
ਕਿ ਹੰਝੂ-ਹੰਝੂ ਹੋਇਆ ਸੈਂ, ਮੇਰੇ ਸਮਝਾਣ ਦੇ ਮਗਰੋਂ ।

ਇਹ ਅੱਖੀਆਂ ਜਦ ਦੀਆਂ ਲੜੀਆਂ, ਨਹੀ ਕਾਬੂ ਰਿਹਾ ਦਿਲ ’ਤੇ,
ਮੇਰਾ ਦਿਲ ਨਾ ਰਿਹਾ ਮੇਰਾ, ਕਿ ਦਿਲ ਬਦਲਾਣ ਦੇ ਮਗਰੋਂ ।

ਨਾ ਕੌਡੀ ਮੁੱਲ ਤੂੰ ਪਾਇਆ, ਮੇਰੀ ਸੁੱਚੀ ਮੁਹੱਬਤ ਦਾ,
ਕਿ ਹੋਏ ਇੱਕ ਸਾਂ ਆਪਾਂ, ਬੜੇ ਘਮਸਾਣ ਦੇ ਮਗਰੋਂ ।

ਕਦੇ ਸੁਪਨੇ ’ਚ ਹੀ ਆ ਕੇ, ਦਰਸ ਦੇ ਦੇ ਨਿਮਾਣੀ ਨੂੰ,
ਨਹੀਂ ਕੋਈ ਪਰਤ ਕੇ ਆਉਂਦਾ, ਮੈਂ ਸੁਣਿਐਂ ਜਾਣ ਦੇ ਮਗਰੋਂ ।

ਬੜਾ ਹੀ ਮਾਣ ਸੀ ਮੈਨੂੰ, ਤੇਰੇ ਉੱਤੇ, ਵਫ਼ਾ ਉੱਤੇ,
ਕਿ ਬੈਠੀ ਹਾਰ ਹਾਂ ਬਾਜ਼ੀ, ਮੈਂ ਕਿੱਕਲੀ ਪਾਣ ਦੇ ਮਗਰੋਂ ।

ਇਹ ਕਹਿੰਦੇ ਲੋਕ ਸੀ ਸਾਰੇ, ਕਿ ਮੈਨੂੰ ਪੂਜਦਾ ਹੈਂ ਤੂੰ,
ਮੈਂ ਵੀ ਤਾਂ ਰੱਬ ਮੰਨਿਆ ਸੀ, ਜ਼ਰਾ ਅਜ਼ਮਾਣ ਦੇ ਮਗਰੋਂ ।

ਸਪੁਰਦੇ-ਖ਼ਾਕ ਖ਼ੁਦ ਕੀਤੈ, ਮਗਰ ਇਹ ਦਿਲ ਨਹੀਂ ਮੰਨਦਾ,
ਕਿ ‘ਬੇਕਸ’ ਖ਼ਾਕ ਹੋਈ ਹਾਂ, ਤੈਨੂੰ ਦਫਨਾਣ ਦੇ ਮਗਰੋਂ ।

●

ਆਪਣੀ ਹਰ ਗੱਲ ਦੀ ਪੁਸ਼ਟੀ, ਚਾਹੀ ਤੁਸਾਂ ਹਰ ਵਾਰ ਹੈ ।
ਦੂਜੇ ਦਾ ਪੱਖ ਮੰਨਣ ਤੋਂ, ਸਦਾ ਰਿਹਾ ਇਨਕਾਰ ਹੈ ।

ਰੱਬ ! ਮੇਰਾ ਹੈ ਉੱਚਾ-ਸੁੱਚਾ, ਉੱਚੀ ਟਾਹਰਾਂ ਮਾਰਦੇ ਹੋ,
ਅਕੀਦੇ ਹੋਰਾਂ ਦੇ ਉਪਰ, ਬੇ-ਲੋੜਾ ਤਕਰਾਰ ਹੈ ।

ਭਗਤ ਸਿੰਘ ਸੂਰੇ ਦੇ ਉੱਤੇ, ਸਾਰਾ ਜੱਗ ਹੀ ਮਾਣ ਕਰੇ,
ਕੌਮ ਦਾ ਕੌਮੀ ਹੀਰਾ ਹੈ ਉਹ, ਜਾਂ-ਬਾਜ਼ ਸਿਰਦਾਰ ਹੈ ।

ਇੱਕ ਨੂਰ ਤੋਂ ਹੋਂਦ ਅਸਾਡੀ, ਫ਼ਰਕ ਓਸ ਨੇ ਪਾਇਆ ਨਈਂ,
ਸ਼ਾਤਰ ਦੂਤੀ ਪਾਉਂਦਾ ਰਹਿੰਦਾ, ਰਿਸ਼ਤਿਆਂ ਵਿਚ ਦਰਾਰ ਹੈ ।

ਵਿੱਚ ਪੰਜਾਬੀ ਜੋ ਹੈ ਲਿਖਦਾ, ਓਸੇ ਨੂੰ ਮੈਂ ਨਮਨ ਕਰਾਂ,
ਅਤਿ-ਸਥਾਪਤ ਜਾਂ ਸਥਾਪਤ, ਜਾਂ ਨਵਾਂ ਸਾਹਿਤਕਾਰ ਹੈ ।

ਅਜੋਕੇ ਮਾਨਵ ਨੂੰ ਮਾਨਵ 'ਤੇ, ਰਤਾ ਰਿਹਾ ਇਤਬਾਰ ਨਈਂ,
ਜੱਗ ਦੇ ਅੰਦਰ ਏਸੇ ਕਰਕੇ, ਮੱਚੀ ਇਹ ਹਾਹਾਕਾਰ ਹੈ ।

ਮੈਂ ਨੂੰ ਛੱਡ ਕੇ ਤੂੰ ਤੂੰ ਵਾਲੀ, ਓਹੀਓ ਰਟਨ ਰਟਾਵੇਗਾ,
ਜਿਸ ਦੇ ਅੰਦਰ ਮਾਨਵ ਜ਼ਿੰਦਾ, ਤੇ ਜ਼ਿੰਦਾ ਕਿਰਦਾਰ ਹੈ ।

ਪ੍ਰੀਤ ਮਿਟੀ ਨਾ ਜੱਗ ਦੇ ਵਿਚੋਂ, ਮਿਟਦੇ ਪ੍ਰੀਤ ਦੇ ਦੋਖੀ ਰਹੇ,
ਪ੍ਰੀਤ ਦਾ ਚਰਚਾ ਰਹੂ ਹਮੇਸ਼ਾਂ, ਜਦ ਤੱਕ ਇਹ ਸੰਸਾਰ ਹੈ ।

ਦੂਜਿਆਂ ਦਾ ਹੱਕ ਮਾਰਣ ਵਾਲੇ, 'ਬੇਕਸ' ਵੱਡੇ ਨੇਤਾ ਨੇ,
ਲੋਕਾਂ ਦੇ ਵਿਚ ਅਫਰਾ-ਤਫਰੀ, ਇਹ ਕੈਸੀ ਸਰਕਾਰ ਹੈ ।

ਸੰਜਮ ਅਤੇ ਸਲੀਕੇ ਨਾਲ, ਜੀਵਨ ਦੇ ਸੁਰ ਸਾਜ਼ ਕਰ ।
ਰੱਖ ਭਰੋਸਾ ਆਪੇ ਉੱਤੇ, ਤੂੰ ਅੰਬਰੀਂ ਪਰਵਾਜ਼ ਕਰ ।

ਦੂਜਾ ਕੰਢਾ ਸਾਗਰ ਦਾ, ਤਦ ਹੀ ਨੇੜੇ ਹੋਵੇਗਾ,
ਪਾਤਣ ਬਣ ਕੇ ਪੱਤਣ ਦਾ, ਮੰਜ਼ਿਲ ਦਾ ਆਗਾਜ਼ ਕਰ ।

ਬਿਰਹਾ-ਅਗਨੀ ਦੇ ਅੰਦਰ, ਜਲ ਕੇ ਕੋਇਲਾ ਹੋਵੇਂਗਾ,
ਇੱਕ ਨਿਗੂਣੀ ਗੱਲ ਬਦਲੇ, ਨਾ ਦਿਲਬਰ ਨਾਰਾਜ਼ ਕਰ ।

ਕੋਈ ਰਹੇਗਾ ਖ਼ਤਰਾ ਨਾ, ਤੇਰੇ ਏਸ ਸਿੰਘਾਸਨ ਨੂੰ,
ਲੋਕਾਂ ਦੇ ਦਿਲ ਜਿੱਤਣ ਲਈ, ਉਨ੍ਹਾਂ ਦੇ ਕੁਝ ਕਾਜ਼ ਕਰ ।

ਦਿਲ ਆਪਣੇ ਦੇ ਰਾਜ਼ਾਂ ਨੂੰ, ਸਦਾ ਹੀ ਦਿਲ ਦੇ ਅੰਦਰ ਰੱਖ,
ਭੁੱਲ ਕੇ ਗ਼ੈਰਾਂ ਨਾਲ ਕਦੇ, ਸਾਂਝੇ ਨਾ ਤੂੰ ਰਾਜ਼ ਕਰ ।

ਚੋਗਿਆਂ ਦੇ ਲਾਲਚ ਦੇ ਵਿੱਚ, ਤੂੰ ਭੁੱਲ ਕੇ ਵੀ ਆਵੀਂ ਨਾ,
ਰੱਖੀਂ ਨਾ ਪਰਵਾਜ਼ ਤੂੰ ਗਹਿਣੇ, ਖੁੱਲ੍ਹ ਕੇ ਤੂੰ ਪਰਵਾਜ਼ ਕਰ ।

ਜੋ ਮੇਰਾ ਦਮ ਭਰਦੇ ਸੀ, ਕਸਵੱਟੀ 'ਤੇ ਪਰਖੇ ਗਏ,
ਹਾਰਿਆ ਜਿੱਤੀ ਬਾਜ਼ੀ ਮੈਂ, ਉਹਨਾਂ ਨੂੰ ਹਮਰਾਜ਼ ਕਰ ।

ਤੇਰੀ ਰਾਖੀ ਆਪੇ ਹੀ, ਸਦਾ ਲਈ ਹੋ ਜਾਵੇਗੀ,
ਜੇਕਰ ਅੰਬਰੀਂ ਉੱਡਣਾ ਹੈ ਤੂੰ, ਤੂੰ ਨਿਗਾਹੇ-ਬਾਜ਼ ਕਰ ।

'ਬੇਕਸ' ਹੋਈ ਵੀਣਾ 'ਚੋਂ, ਆਖ਼ਰ ਨੂੰ ਸੁਰ ਨਿਕਲੇਗੀ,
ਮੁਰਸ਼ਦ ਦਾ ਤੂੰ ਪੱਲਾ ਫੜ੍ਹ, ਨੇਮ ਦੇ ਨਾਲ ਰਿਆਜ਼ ਕਰ ।

●

ਫਿਤਰਤ ਹੈ ਇਹ ਬੰਦੇ ਦੀ, ਕਦੇ ਵੀ ਇਹ ਨਹੀਂ ਰੱਜਦਾ ।
ਨਿਭਾਉਣੇ ਪੈਣ ਜੇ ਕਿਧਰੇ, ਸਦਾ ਫ਼ਰਜ਼ਾਂ ਤੋਂ ਹੈ ਭੱਜਦਾ ।

ਦਗ਼ਾ ਦਿੰਦਾ ਹੈ ਹਰਜਾਈ, ਕਦੇ ਵੀ ਸਾਥ ਨਹੀਂ ਦਿੰਦਾ,
ਦਿੰਦੇ ਨੇ ਸਾਥ ਜੋ ਇਸ ਦਾ, ਤੀਰ ਉਹਨਾਂ 'ਤੇ ਹੈ ਕੱਸਦਾ ।

ਪਰਖ ਕੀਤੀ ਹੈ ਇਸ਼ਕੇ ਦੀ, ਹਕੀਕਤ ਹੈ ਫਸਾਨਾ ਨਹੀਂ,
ਕਦੇ ਇਹ ਬੋਲਦਾ ਹੀ ਨਹੀਂ, ਬਿਨਾਂ ਕਾਰਣ ਕਦੇ ਗੱਜਦਾ ।

ਦਾਅਵੇ ਬਹੁਤ ਕਰੇ ਬੰਦਾ, ਹਕੀਕਤ ਵਿਚ ਬੜਾ ਊਣਾ,
ਰਹੁ-ਰੀਤਾਂ ਨਿਭਾਉਂਦਾ ਨਈਂ, ਰਹੁ-ਰੀਤਾਂ ਰਹੇ ਤੱਜਦਾ ।

ਇਸ਼ਕ ਦਾ ਰੋਗ ਹੈ ਚੰਦਰਾ, ਨਹੀਂ ਇਸ ਦੀ ਦਵਾ ਕੋਈ,
ਇਸ਼ਕ ਦੇ ਰੋਗੀ ਦੇ ਕੋਲੋਂ, ਹਰ ਲੁਕਮਾਨ ਹੈ ਭੱਜਦਾ ।

ਇਹ ਮੈਂ ਜਾਣਾ ਜਾਂ ਤੂੰ ਜਾਣੇਂ, ਨਿਭਾਈ ਕਿਸ ਨੇ ਕਿਸਦੇ ਨਾਲ,
ਰਹੀ ਆਦਤ ਸਦਾ ਮੇਰੀ, ਰਹਾਂ ਪਰਦੇ ਸਦਾ ਕੱਜਦਾ ।

ਮਰ ਜਾਵੇ ਜੇ ਮੈਂ ਅੰਦਰੋਂ, ਇਕੱਠੇ ਬਹਿਣ ਫਿਰ ਸਭੇ,
ਇਹ ਸੁਣਿਆ ਹੈ ਮੈਂ ਜੱਗ ਕੋਲੋਂ, ਕਿ 'ਕੱਲਾ ਰੁੱਖ ਨਈਂ ਫੱਬਦਾ ।

ਪ੍ਰੀਤ ਦੀ ਰੀਤ ਤੋਂ ਕੋਰਾ, ਨਾ-ਸ਼ੁਕਰਾ ਉਹ ਹਰਜਾਈ,
ਸਿਰੇ ਦਾ ਹੀ ਸ਼ਿਕਾਰੀ ਹੈ, ਬਣਾ ਅਪਣਾ ਰਹੇ ਠੱਗਦਾ ।

ਰੱਬਾ ! ਸੁਣ ਸਦਾਅ ਉਸਦੀ, ਕਿਤੇ ਨਾ ਖ਼ਾਕ ਹੋ ਜਾਵੇ,
'ਬੇਕਸ' ਤਰ ਰਹੀ ਸਾਗਰ, ਨਿਮਾਣੀ ਹਿਜਰ ਦੀ ਅੱਗ ਦਾ ।

●

ਤੂੰ ਨਾਰ ਬੜੀ ਅਲਬੇਲੀ ਹੈਂ, ਅੰਗਾਂ ਵਿੱਚ ਅੱਥਰੀ ਹਰਕਤ ਹੈ ।
ਤੇਰਾ ਸਾਥ ਰਹੇ ਮਹਿਕਾਂ ਮਾਣੇਂ, ਇਹੋ ਹਰ ਦਿਲ ਦੀ ਹਸਰਤ ਹੈ ।

ਹੁਸਨਾਂ ਦੀ ਉਮਰ ਲੰਮੇਰੀ ਨਹੀਂ, ਇਹ ਚਾਰ ਦਿਨਾਂ ਦੀ ਮਹਿਕ ਹੈ ਬੱਸ,
ਤੇਰੀ ਸਾਦਗੀ ਮੈਨੂੰ ਟੁੰਬਦੀ ਹੈ, ਤੇਰੀ ਸੀਰਤ ਦੀ ਚਾਹਤ ਹੈ ।

ਤੇਰੇ ਹੁਸਨ ਦੇ ਕਈ ਦੀਵਾਨੇ ਨੇ, ਕਈ ਅਦਾ ਤੇਰੀ ’ਤੇ ਮਰਦੇ ਨੇ,
ਤੇਰੇ ਰੂਪ ਦਾ ਕਾਸਾ ਭਰਿਆ ਹੈ, ਇਹ ਉਸ ਰੱਬ ਦੀ ਬਰਕਤ ਹੈ ।

ਤੂੰ ਪ੍ਰੀਤ ਦੀ ਰੀਤ ਤੋਂ ਵਾਕਿਫ ਹੈਂ, ਨੈਣਾਂ ’ਚੋਂ ਤਿੱਖੇ ਵਾਰ ਕਰੇਂ,
ਗ਼ੈਰਾਂ ’ਤੇ ਪਿਆਰ ਜਤਾਉਂਦੀ ਹੈਂ, ਪਰ ਦਿਲਜਲੇ ਸੰਗ ਨਫ਼ਰਤ ਹੈ ।

ਤੂੰ ਤੀਰ ਚਲਾਣੋਂ ਟਲਦੀ ਨਹੀਂ, ਦਿਲ ਐਪਰ ਖ਼ਾਬ ਸਜਾਉਂਦਾ ਏ,
ਮੈਂ ਵਰਜ ਰਿਹਾਂ ਦਿਲ ਚੰਦਰੇ ਨੂੰ, ਦਿਲ ਬਹਿਕੇ ਇਸਦੀ ਖਸਲਤ ਹੈ ।

ਇਸ ਪ੍ਰੀਤ ਕਥੂਰੀ ਚੰਦਰੀ ਨੇ, ਕਦੇ ਰਹਿਮ ਕਿਸੇ 'ਤੇ ਕੀਤਾ ਨਹੀਂ,
ਮੈਂ ਆਖਾਂ ਮਹੁਰੇ ਵਰਗੀ ਹੈ, ਦਿਲ ਆਖੇ ਨਿਰਾ ਹੀ ਸ਼ਰਬਤ ਹੈ ।

ਇਸ਼ਕੇ ਦੇ ਮਾਰਗ ਚਲਦੇ ਜੋ, ਉਹ ਰੁਕਦੇ ਨਾ ਹੀ ਝੁਕਦੇ ਨੇ,
ਕੀ ਥਲ, ਧਰਤੀ, ਆਕਾਸ਼ ਹੈ ਕੀ, ਕੀ ਉਹਨਾਂ ਸਾਹਵੇਂ ਪਰਬਤ ਹੈ ।

ਨਾ ਚੈਨ ਆਵੇ ਨਾ ਧੀਰ ਪਵੇ, ਇਸ ਬਿਹਬਲ ਦਿਲ ਝੱਲੇ ਨੂੰ,
ਅਫਰਾ-ਤਫਰੀ ਹੈ ਮਚੀ ਪਈ, ਹਰ ਪਾਸੇ ਹੀ ਗੁਰਬਤ ਹੈ ।

ਇਹ ਹਰਗ਼ਿਜ਼ ਹੀ ਹੋ ਸਕਦਾ ਨਹੀਂ, ਕਿ ਮਗ਼ਰੂਰ ਦਾ ਸਾਥ ਦਵੇ,
‘ਬੇਕਸ’ ਨੇ ਤੁਲਨਾ ਉਸ ਪਾਸੇ, ਜਿਸ ਪਲੜੇ ਵਿਚ ਉਲਫ਼ਤ ਹੈ ।

●

ਕਿ ਅਪਣੀ ਸੋਚ ਤੋਂ ਵੱਖਰਾ, ਕੋਈ ਰਾਹ ਫੜ ਨਹੀਂ ਸਕਦਾ ।
ਚੜ੍ਹੇ ਪੂਰਬ 'ਚੋਂ ਹੀ ਸੂਰਜ, ਕਿ ਪੱਛਮ ਚੜ੍ਹ ਨਹੀਂ ਸਕਦਾ ।

ਸੂਰਜ ਮਿਹਨਤਾਂ ਵਾਲਾ, ਮਿਹਨਤ ਬਾਝ ਨਹੀਂ ਚੜ੍ਹਦਾ,
ਅਣਖ ਦੇ ਬਾਝ ਕੋਈ ਸੂਰਾ, ਮੈਦਾਨੀਂ ਲੜ ਨਹੀਂ ਸਕਦਾ ।

ਆਲਸ ਘੇਰ ਲੈਂਦਾ ਹੈ, ਜਦੋਂ ਇੱਕ ਆਲਸੀ ਨੂੰ ਆ,
ਓਹਦੇ ਜੀਵਨ ਦੇ ਵਿਚ ਸੂਰਜ, ਕਦੇ ਫਿਰ ਚੜ੍ਹ ਨਹੀਂ ਸਕਦਾ ।

ਤਾਰੂ ਹੀ ਸਦਾ ਡੁੱਬਦੈ, ਇਹ ਸੁਣਦੇ ਹਾਂ ਅਸੀਂ ਐਪਰ,
ਨਹੀਂ ਜੋ ਜਾਣਦਾ ਤਰਨਾ, ਕੀ ਉਹ ਹੜ੍ਹ ਨਹੀਂ ਸਕਦਾ ?

ਬੀਜ ਉਗੇਗਾ ਉਹੀਓ ਹੀ, ਧਰਤੀ ਵਿੱਚ ਜੋ ਬੀਜਾਂਗੇ,
ਕਿ ਹੱਥਾਂ ਵਿਚ ਕੋਈ ਪੌਦਾ, ਕਦੇ ਜੜ੍ਹ ਫੜ੍ਹ ਨਹੀਂ ਸਕਦਾ ।

ਜਿਹਦਾ ਕਿਰਦਾਰ ਹੈ ਉੱਚਾ, ਇਹ ਰੱਖੋ ਆਸ ਨਾ ਉਸ ਤੋਂ,
ਕਿਸੇ ਬੇ-ਦੋਸ਼ ਉਪਰ ਦੋਸ਼, ਕਦੇ ਉਹ ਮੜ੍ਹ ਨਹੀਂ ਸਕਦਾ ।

ਕਿਸੇ ਦੀ ਚੁੱਕ ਵਿੱਚ ਆ ਕੇ, ਕਰੇ ਜੋ ਵਾਰ ਅਣਖੀ 'ਤੇ,
ਮੈਦਾਨੇ-ਜੰਗ ਦੇ ਅੰਦਰ, ਉਹ ਪਲ ਵੀ ਖੜ੍ਹ ਨਹੀਂ ਸਕਦਾ ।

ਪ੍ਰੀਤਾਂ ਤੋਂ ਹੈ ਜੋ ਕੋਰਾ, ਉਹ ਦਿਲ ਪੱਥਰ ਹੀ ਹੋ ਜਾਂਦੈ,
ਕਿ ਕਲਮਾ ਪ੍ਰੀਤ ਵਾਲਾ ਉਹ, ਕਦੇ ਫਿਰ ਪੜ੍ਹ ਨਹੀਂ ਸਕਦਾ ।

ਕਰਾਂ ਮੈਂ ਬੰਦਗੀ ਇੱਕ ਦੀ, ਮੇਰਾ ਵਿਸ਼ਵਾਸ ਹੈ ਇੱਕ 'ਤੇ
ਕਿ ਢੌਂਗੀ ਵਾਂਗ ਮੈਂ 'ਬੇਕਸ', ਖ਼ੁਦਾ ਨਿੱਤ ਘੜ ਨਹੀਂ ਸਕਦਾ ।

●

ਤੇਰੀ ਰਵਾਨੀ ਉਪਰ ਨਾ, ਨਾ ਧਾਰ 'ਤੇ ਕੋਈ ਸਵਾਲ ਹੈ ।
ਜੇ ਮਾਣ ਹੈ ਤੈਨੂੰ ਧਾਰੇ 'ਤੇ, ਮੇਰਾ ਦਿਲਬਰ ਮਹੀਂਵਾਲ ਹੈ ।

ਨਾ ਦੇ ਡਰਾਵੇ ਮੌਤ ਦੇ ਤੂੰ, ਰੱਬ ਮੇਰਾ, ਮੇਰੇ ਨਾਲ ਹੈ ।
ਮੇਰੇ ਚਿਹਰੇ ਰੋਹ ਜੋ ਦਿੱਸਦਾ ਹੈ, ਸਭ ਮਾਹੀ ਦਾ ਜਲਾਲ ਹੈ ।

ਬਿਜਲੀ ਕੜਕਦੀ ਰਹਿ ਜਾਊ, ਮੈਂ ਮਿਲਣਾ ਜਾ ਮਾਹੀ ਨੂੰ,
ਜੋ ਜਾਲ ਵਿਛਾਏ ਹੋਣੀ ਨੇ, ਮੈਂ ਤੋੜਨਾ ਉਹ ਹਰ ਜਾਲ ਹੈ ।

ਮਾਰ ਰਿਹਾ ਹੈਂ ਛੱਲਾਂ ਤੂੰ, ਤੇ ਸ਼ੂਕ ਰਿਹਾ ਹੈਂ ਅੰਤਾਂ ਦਾ,
ਕੰਢਿਆਂ ਤੀਕ ਤੂੰ ਆ ਚੜ੍ਹਿਐਂ, ਇਹਦਾ ਨਾ ਰਤਾ ਮਲਾਲ ਹੈ ।

ਇਸ਼ਕੇ ਦਾ ਰਾਹ ਕੰਡਿਆਲਾ ਏ, ਚਾਹੇ ਹਰ ਔਕੜ ਭਾਰੀ ਏ,
ਇਸ਼ਕਾ ਜਿਸ 'ਤੇ ਅਸਵਾਰ ਹੋਏ, ਉਹ ਚਲਦਾ ਅਪਣੀ ਚਾਲ ਹੈ ।

ਡੀਕ ਸਕੇਂ ਅੱਜ ਡੀਕ ਲਵੀਂ, ਜੇ ਡੋਬ ਸਕੇਂ ਤਾਂ ਡੋਬ ਲਵੀਂ,
ਮੈਨੂੰ ਮਾਣ ਹੈ ਅਪਣੇ ਇਸ਼ਕੇ 'ਤੇ, ਲੈ ਸੋਹਣੀ ਮਾਰਦੀ ਛਾਲ ਹੈ ।

ਮੇਰੀ ਮੰਜ਼ਿਲ ਮਹੀਂਵਾਲ ਮੇਰਾ, ਜੋ ਪਾਰ ਹੈ ਮੈਨੂੰ ਦਿੱਸਦਾ ਏ,
ਤੂੰ ਰਾਹ ਮੇਰਾ ਅੱਜ ਰੋਕ ਸਕੇਂ, ਕੀ ਧਾਰੇ ਤੇਰੀ ਮਜ਼ਾਲ ਹੈ ।

ਮੇਰੇ ਸਿਰ ਚੜ੍ਹ ਇਸ਼ਕਾ ਬੋਲ ਰਿਹਾ, ਤੂੰ ਇਸ਼ਕਾ ਮੇਰਾ ਤੋਲ ਰਿਹਾ,
ਤੂੰ ਪਾਰ ਜਾਣ ਨਾ ਦੇਣਾ ਜੇ, ਮੈਂ ਵੀ ਜਾਣਾ ਹਰ ਹਾਲ ਹੈ ।

'ਬੇਕਸ' ਗਵਾਹੀ ਭਰ ਦੇਵੀਂ, ਤੂੰ ਸੋਹਣੀ ਦੇ ਜਜ਼ਬੇ ਦੀ,
ਤੇ ਲਿਖ ਦੇਵੀਂ ਇਸ ਗਾਥਾ ਨੂੰ, ਜੋ ਵੀ ਤੇਰਾ ਖ਼ਿਆਲ ਹੈ ।

●

ਕੋਈ ਦੋਸ਼ ਤੇਰੇ ਸਿਰ ਲਾਵਾਂ, ਇਹ ਤਾਂ ਹੋ ਨਹੀਂ ਸਕਦਾ ।
ਤੈਨੂੰ ਮੁਸ਼ਕਿਲ ਦੇ ਵਿਚ ਪਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਉਹੀ ਮੇਰੀ ਹਵੇਲੀ, ਉਹੀਓ ਹੈ ਘਰ ਮੇਰਾ,
ਬਦਲ ਦੇਵਾਂ ਸਿਰਨਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਸੱਜਣਾਂ ਦੇ ਲਈ ਸੱਥਰ, ਹੱਸ ਕੇ ਜਰ ਜਾਵਾਂ,
ਯਾਰੀ 'ਤੇ ਹਰਫ਼ ਉਠਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਸੰਦਲੀ ਪ੍ਰੀਤ-ਕਥੂਰੀ, ਘੁੱਲ ਗਈ ਸਾਹਾਂ ਵਿਚ,
ਪ੍ਰੀਤ ਬਿਨਾਂ ਜੀਅ ਪਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਤੂੰਈਓਂ ਦਿਲ ਵਿਚ ਧੜਕਣ, ਬਣ ਕੇ ਧੜਕ ਰਹੀ,
ਨਾ ਗੀਤ ਪ੍ਰੀਤ ਦੇ ਗਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਰੰਗਲੀ ਤੇਰੀ ਪ੍ਰੀਤ ’ਤੇ, ਗੂਹੜਾ ਰੰਗ ਚੜ੍ਹਿਐ,
ਪ੍ਰੀਤ ਨੂੰ ਧੱਬਾ ਲਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਮੇਰਾ ਰੱਬ ਹੈਂ ਤੂੰਈਓਂ, ਤੂੰਈਓਂ ਪੀਰ ਮੇਰਾ,
ਤੈਥੋਂ ਕੁਝ ਛੁਪਾਵਾਂ, ਇਹ ਤਾਂ ਹੋ ਨਹੀਂ ਸਕਦਾ ।

ਸੱਚ ਨੂੰ ਫਾਂਸੀ ਜਿਥੇ, ਉਸ ਥਾਂ ਸੋਗ ਹੀ ਸੋਗ,
ਸਰਕਾਰੀ ਬੀਨ ਵਜਾਵਾਂ, ਇਹ ਤਾਂ ਹੋ ਨਹੀਂ ਸਕਦਾ ।

‘ਬੇਕਸ’ ਇਹ ਤਾਂ ਠੀਕ, ਮੈਂ ਥੁੜ੍ਹਿਆ ਰਹਿੰਦਾ ਹਾਂ,
ਲੋੜਵੰਦ ਠੁਕਰਾਵਾਂ, ਇਹ ਤਾਂ ਹੋ ਨਹੀਂ ਸਕਦਾ ।

•

ਤੂੰ ਦਿਲ ਲੁੱਟਿਐ ਨੈਣ ਮਿਲਾ ਕੇ, ਜਿੰਦ ਵੀ ਤੇਰੇ ਨਾਮ ਕਰਾਂ ।
ਤੇਰੇ ਗ਼ਮ ਦੀ ਦੌਲਤ ਲੈ ਕੇ, ਨਾਲ ਖ਼ੁਸ਼ੀ ਦੇ ਝੋਲ ਭਰਾਂ ।

ਮਰੀਅਮ ਜਿਹੀ ਮੁਸਕਾਨ ਹੈ ਤੇਰੀ, ਈਸਾ ਵਰਗਾ ਜੇਰਾ ਹੈ,
ਹਸਤੀ ਤੇਰੀ ਪਾਕ-ਪਵਿੱਤਰ, ਦਰ ਤੇਰੇ ’ਤੇ ਦੀਪ ਧਰਾਂ ।

ਤੂੰ ਹਵਾਅ ਦੀ ਜੰਮੀ-ਜਾਈ, ਮੈਂ ਵੀ ਆਦਮ ਦਾ ਜਾਇਆ,
ਤਿਰੀ ਦੀਦ ਦੀ ਖਾਤਿਰ ਹੀ ਮੈਂ, ਡੂੰਘੇ ਸਾਗਰ ਰੋਜ਼ ਤਰਾਂ ।

ਬਿਰਹਾ ਦਾ ਸੁਲਤਾਨ ਤੂੰ ਹੋਇਐਂ, ਸਾਰੀ ਦੁਨੀਆਂ ਕਹਿੰਦੀ ਏ,
ਬਿਰਹਾ ਨੂੰ ਪ੍ਰਣਾਈ ਕਵਿਤਾ, ਬਿਰਹੋਂ ਦੇ ਘੁੱਟ ਰੋਜ਼ ਭਰਾਂ ।

ਸੀਸ ਝੁਕਾਵਾਂ ਧਰਤੀ ਮਾਂ ਨੂੰ, ਏਨਾ ਇਸ ਨੂੰ ਪਿਆਰ ਕਰਾਂ,
ਏਸਦੀ ਖਾਤਿਰ ਸੀਸ ਤਲੀ ਧਰ, ਜਾ ਮੈਦਾਨੇ ਜੂਝ ਮਰਾਂ ।

ਤੇਰੇ ਹੁਸਨ ਦਾ ਪਾਣੀ ਭਰਦੀ, ਕੁਲ ਆਲਮ ਇਹ ਦੁਨੀਆਂ ਸਾਰੀ,
ਨੈਣਾਂ ਦੇ ਸੰਗ ਵਾਰ ਕਰੇਂ ਜੋ, ਦਿਲ ’ਤੇ ਸਾਰੇ ਵਾਰ ਜਰਾਂ ।

ਅਜ਼ਲਾਂ ਤੋਂ ਤੂੰ ਚਾਹਤ ਮੇਰੀ, ਤੂੰਈਓਂ ਦਿਲ ਦੀ ਮਲਿਕਾ ਹੈਂ,
ਕੀਕਣ ਆਖਾਂ ਹਾਲ ਦਿਲੇ ਦਾ, ਦਿਲ ਦੀ ਕਹਿਣੋਂ ਸਦਾ ਡਰਾਂ ।

ਸ਼ੋਖ਼ੀਆਂ ਤੋਂ ਵੱਧ ਸ਼ੋਖ਼ੀ ਤੇਰੀ, ਨਖ਼ਰਿਆਂ ਤੋਂ ਵੱਧ ਨਖ਼ਰਾ ਹੈ,
ਜਿਸ ਘਾੜੇ ਨੇ ਘੜਿਆ ਤੈਨੂੰ, ਉਸ ਘਾੜੇ ਨੂੰ ਨਮਨ ਕਰਾਂ ।

ਜੀਅ ਉਠਦਾ ਹਾਂ ਦੇਖ ਕੇ ਚੇਹਰਾ, ‘byks’ ਦਾ ਤੂੰ ਸੋਨ-ਸਵੇਰਾ,
ਸੁਪਨੇ ਵਿਚ ਪ੍ਰਣਾਵਾਂ ਤੈਨੂੰ, ਏਦਾਂ ਮੈਂ ਵੀ ਰੋਜ਼ ਮਰਾਂ ।

●

ਸੱਥਾਂ ਦਾ ਰੰਗ ਚੜ੍ਹ ਜਾਂਦਾ ਹੈ, ਸੱਥਾਂ ਦੇ ਵਿੱਚ ਬਹਿੰਦੇ-ਬਹਿੰਦੇ ।
ਰਹਿਣੀ-ਬਹਿਣੀ ਸਿਖ ਜਾਂਦਾ ਹੈ, ਚੇਲਾ ਚਰਨੀਂ ਢਹਿੰਦੇ-ਢਹਿੰਦੇ ।

ਆ ਜਾਂਦੀ ਹੈ ਖ਼ੂਬ ਰਵਾਨੀ, ਸ਼ਿਅਰ ਵਜ਼ਨ ਵਿਚ ਕਹਿੰਦੇ-ਕਹਿੰਦੇ ।
ਗ਼ਜ਼ਲ-ਮਣੀ ਹੋ ਜਾਂਦੀ ਹਾਸਿਲ, ਸ਼ਬਦੀਂ-ਡੂੰਘੇ ਲਹਿੰਦੇ-ਲਹਿੰਦੇ ।

ਬਹਿਰ ਦੇ ਅੰਦਰ ਗ਼ਜ਼ਲ ਜੁ ਕਹਿੰਦੇ, ਵਿਰਲੇ ਨੇ ਉਹ ਸ਼ੋਖ਼-ਪਰਿੰਦੇ,
ਸ਼ਿਅਰ ਕਹਿਣ ਦੀ ਕਲਾ ਆ ਜਾਂਦੀ, ਕਾਵਿ ਦੇ ਸਾਗਰ ਵਹਿੰਦੇ-ਵਹਿੰਦੇ ।

ਖ਼ਿਆਲ, ਉਡਾਰੀ, ਵਜ਼ਨ ਦੀ ਸੋਝੀ, ਨੱਕੇ ਵਿਚੋਂ ਸ਼ਿਅਰ ਲੰਘਾਉਣਾ,
ਸ਼ਾਇਰ ਸਿਖ ਜਾਂਦਾ ਹੈ ਆਖ਼ਿਰ, ਨਾਲ ਅਦੀਬਾਂ ਰਹਿੰਦੇ-ਰਹਿੰਦੇ ।

ਜਿਹਨਾਂ ਦੀ ਹੈ ਸੋਚ-ਵਿਲੱਖਣ, ਹਿਰਦਾ ਅੱਤ ਦਾ ਕੋਮਲ ਹੈ,
ਭਾਵ-ਬੋਧ ਦੀ ਸ਼ਾਇਰੀ ਕਰਦੇ, ਸਿਰੜੀ-ਸ਼ਾਇਰ ਕਾਵਿ-ਕਰਿੰਦੇ ।

ਬਿਰਹਾ ਅੰਦਰ ਜਲ-ਜਲ ਕੇ ਉਹ, ਆਖਿਰ ਕੁੰਦਨ ਹੋਇਆ ਹੈ,
ਚਿਹਰੇ ਉੱਤੇ ਨੂਰ ਆ ਗਿਆ, ਦਿਲ 'ਤੇ ਸੱਥਰ ਸਹਿੰਦੇ-ਸਹਿੰਦੇ ।

ਹਰ ਇੱਕ ਦੇ ਨਾਲ ਖਹਿਣਾ ਜਿਸਦੀ, ਆਦਤ ਸਾਰੇ ਕਹਿੰਦੇ ਸੀ,
ਸਿੱਧਾ ਹੋਇਆ ਤੀਰ ਦੇ ਵਾਂਗੂੰ, ਨਾਲ ਠੋਕਰਾਂ ਖਹਿੰਦੇ-ਖਹਿੰਦੇ ।

ਸਾਰਾ ਹੀ ਆਕਾਸ਼ ਪਇਆ ਹੈ, ਮਾਰ ਉਡਾਰੀ ਅੰਬਰ ਵੱਲੇ,
ਧਰਤੀ ਦੇ ਵਿਚ ਧੱਸ ਜਾਵੇਂਗਾ, ਪੀੜ ਗ਼ਮਾਂ ਦੀ ਸਹਿੰਦੇ-ਸਹਿੰਦੇ ।

ਸ਼ਿਵ ਦਾ ਸੁਖਨ ਨਿਰਾਲਾ 'ਬੇਕਸ', ਲੋਕ ਇਹ ਚਰਚਾ ਕਰਦੇ ਨੇ,
ਬਿਰਹਾ ਦਾ ਸੁਲਤਾਨ ਹੋ ਗਿਆ, ਬਿਰਹਾ-ਬਿਰਹਾ ਕਹਿੰਦੇ-ਕਹਿੰਦੇ ।

●

ਏਥੇ ਠੀਕ ਨਹੀਂ ਕਰਦਾ, ਕੋਈ ਕਿਸੇ ਦੀਆਂ ਮਰਜ਼ਾਂ ।
ਏਥੇ ਹਰ ਕੋਈ ਚਾਹੁੰਦੈ, ਖ਼ੁਦ-ਬ-ਖ਼ੁਦ ਦੀਆਂ ਗ਼ਰਜ਼ਾਂ ।

ਹੱਕ ਮੰਗਿਆਂ ਨਈ੍ਹੀਂ ਮਿਲਦੇ, ਘੋਲ ਹੈ ਕਰਨਾ ਪੈਂਦਾ,
ਕਿਰਤੀ ਲਈ ਹੈ ਲਾਜ਼ਿਮ, ਕਿ ਉਹ ਨਿਭਾਵੇ ਫ਼ਰਜ਼ਾਂ ।

ਜੋ ਸੱਜਣਾਂ ਖਾਤਿਰ ਵੇਖੇ, ਤੇ ਖ਼ਾਬ ਨੇ ਅਜੇ ਅਧੂਰੇ,
ਲੋਚਾਂ ਖ਼ੁਆਬ ਉਹ ਸਾਰੇ, ਹਰ ਹੀਲੇ ਸੱਚ ਕਰ-ਜਾਂ ।

ਹਰ ਕੋਈ ਹੈ ਚਾਹੁੰਦਾ, ਜਿੱਤੇ ਉਹ ਹਰ ਬਾਜ਼ੀ,
ਪ੍ਰੀਤ ਦੀ ਖੇਡ ਦੇ ਅੰਦਰ, ਗ਼ਮ ਨਹੀਂ ਜੇ ਹਰ-ਜਾਂ ।

ਰੱਬ ਦਾ ਕਰ ਸ਼ੁਕਰਾਨਾ, ਮਿਹਨਤ ਵੀ ਕਰੇਂ ਜੇ,
ਖ਼ਤਮ ਹੋ ਜਾਵਣ ਤੇਰੇ, ਗੁਲਸ਼ਨ 'ਚੋਂ ਸਭ ਦਰ-ਜਾਂ ।

ਇਹ ਗੱਲ ਸਾਰੇ ਆਖਣ, ਇਹ ਜੀਵਨ ਅਣਮੁੱਲਾ,
ਕਿਵੇਂ ਮੈਂ ਖਾ ਕੇ ਮਹੁਰਾ, ਭੰਗ ਦੇ ਭਾੜੇ ਮਰ-ਜਾਂ ?

ਮੀਤ ਮੇਰਾ ਤੂੰ ਸੱਚਾ, ਤਾਈਓਂ ਦਿਲੋਂ ਮੈਂ ਚਾਹਾਂ,
ਨਾਮ ਤੇਰੇ ਮੈਂ ਹੱਸ ਕੇ, ਅਪਣਾ ਸਭ ਕੁਝ ਕਰ-ਜਾਂ ।

ਮੁਰਸ਼ਦ ਮੇਰੇ ਜਦ ਤਕ, ਹੱਥ ਹੈ ਸਿਰ 'ਤੇ ਤੇਰਾ,
ਹਰਗਿਜ਼ ਹੋ ਨਹੀਂ ਸਕਦਾ, ਕਿ ਮੈਂ ਮੌਤ ਤੋਂ ਡਰ-ਜਾਂ ।

ਨਾਨਕ-ਦਰ ਸੰਗ ਜੁੜ ਕੇ, ਹੁਣ ਲੱਗਦਾ ਹੈ 'ਬੇਕਸ',
ਇੱਕ ਪੱਥਰ ਹਾਂ ਭਾਵੇਂ, ਸੰਭਵ ਹੈ ਮੈਂ ਤਰ-ਜਾਂ ।

●

ਅੱਖੀਆਂ ਵਿਚ ਜੋ ਸੂਰਤ ਘੁੰਮੇ, ਉਹ ਦਿਲ ਨੂੰ ਮਖ਼ਮੂਰ ਕਰੇ ।
ਅਜ਼ਲਾਂ ਤੋਂ ਪਰ ਅਰਜ਼ ਮੇਰੀ ਨੂੰ, ਸੰਗਦਿਲ ਨਾ ਮਨਜ਼ੂਰ ਕਰੇ ।

ਦੂਤੀ ਚੰਦਰੇ ਦੀ ਆਦਤ ਹੈ, ਖ਼ਤਾ ਇਹ ਬਾ-ਦਸਤੂਰ ਕਰੇ ।
ਨੈਣਾਂ ਅੰਦਰ ਜੋ ਵੱਸਦੇ ਨੇ, ਉਹਨਾਂ ਤੋਂ ਇਹ ਦੂਰ ਕਰੇ ।

ਦੁਨੀਆਂ ਉਸਦਾ ਪਾਣੀ ਭਰਦੀ, ਪਲਕਾਂ ਉੱਤੇ ਬਿਠਾਉਂਦੀ ਹੈ,
ਮਜ਼ਲੂਮਾਂ ਦੀ ਰੱਖਿਆ ਖਾਤਿਰ, ਜੋ ਮਰਨਾ ਮਨਜ਼ੂਰ ਕਰੇ ।

ਦਿਲਕਸ਼ ਤੇਰੀ ਸੂਰਤ ਪਿਆਰੀ, ਹਰ ਇਕ ਅਦਾ ਨਿਆਰੀ ਹੈ,
ਨੈਣਾਂ ਦਾ ਨਸ਼ਾ ਵੀ ਅੱਥਰਾ, ਅੱਠੋ-ਪਹਿਰ ਸਰੂਰ ਕਰੇ ।

ਜਾਨ ਤਲੀ 'ਤੇ ਧਰ ਕੇ ਆਇਆਂ, ਦਿਲ ਨਜ਼ਰਾਨਾ ਪੇਸ਼ ਕਰਾਂ,
ਜਾਨ ਮੇਰੀ ਨੂੰ ਅਰਜ਼ ਹੈ ਮੇਰੀ, ਅਰਜ਼ ਮੇਰੀ ਮਨਜ਼ੂਰ ਕਰੇ ।

ਇਸ਼ਕ ਦੀਵਾਨਾ ਹੈ ਹੁਸਨਾਂ ਦਾ, ਹੁਸਨ ਵੀ ਪਾਣੀ ਭਰਦਾ ਹੈ,
ਦੂਤੀ ਚੰਦਰਾ ਪਾ ਪੁਆੜੇ, ਦਿਲਾਂ ਨੂੰ ਚਕਨਾਚੂਰ ਕਰੇ ।

ਸੂਰਤ ਪਿਆਰੀ ਸੀਰਤ ਚੰਗੀ, ਇਹ ਜੱਗ ਚਰਚਾ ਕਰਦਾ ਹੈ,
ਚਾਨਣ ਦਾ ਵਣਜਾਰਾ ਬਣ ਜੋ, ਦਿਲਾਂ ਨੂੰ ਨੂਰੋ-ਨੂਰ ਕਰੇ ।

ਇਸ ਨੂੰ ਰੱਬ ਦੀ ਰਹਿਮਤ ਆਖੋ, ਯਾ ਖ਼ੁਦਾ ਦਾ ਕਰਮ ਕਹੋ,
ਜਿਸ ਨੂੰ ਚਾਹੇ ਕੋਝਾ ਕਰ ਦਏ, ਜਿਸ ਨੂੰ ਚਾਹੇ ਹੂਰ ਕਰੇ ।

'ਬੇਕਸ' ਦੀ ਇਹ ਅਰਜ਼ ਹੈ ਰੱਬਾ ! ਤੇਰੀ ਕੀਤੀ ਰਹਿਮਤ ਦਾ,
ਏਸ ਕਦਰ ਵੀ ਨਸ਼ਾ ਚੜ੍ਹੇ ਨਾ, ਜਿਸਦਾ ਬਸ਼ਰ ਗ਼ਰੂਰ ਕਰੇ ।

●

ਸੀ.ਸੀ.ਯੂ. ਵਿੱਚ ਐਂਜੀਓ ਕਰਕੇ, ਮਾਹਿਰਾਂ ਲੱਛਣ ਦੱਸੇ ਸੀ ।
ਕਿੰਨੀ ਜੰਮੀ ਧੂੜ ਹੈ ਦਿਲ ’ਤੇ, ਕਿੰਨੇ ਦਿਲ ’ਤੇ ਮੱਸੇ ਸੀ ।

ਦਿਲ ਦੀ ਹਾਲਤ ਬੜੀ ਹੈ ਨਾਜ਼ੁਕ, ਸੁਣ ਕੇ ਰੋਗ ਦੇ ਮਾਹਿਰਾਂ ਤੋਂ,
ਫ਼ਿਕਰਮੰਦ ਹੋ ਦਰਦੀ ਚਿਹਰੇ, ਫ਼ਿਕਰ ਦੀ ਦਲਦਲ ਧੱਸੇ ਸੀ ।

ਮੀਤ ਮੇਰਾ ਜਦ ਆਣ ਖੜ੍ਹ ਗਿਆ, ਚੰਨ ਖੁਸ਼ੀਆਂ ਦਾ ਫੇਰ ਚੜ੍ਹ ਗਿਆ,
ਦੁੱਖ ਸਾਰੇ ਕਾਫ਼ੂਰ ਹੋ ਗਏ, ਪਲਕ ਝਪਕਦੇ ਨੱਸੇ ਸੀ ।

ਆਖਿਰ ਔਖਾ ਸਮਾਂ ਲੰਘ ਗਿਆ, ਕੁਝ ਚਿਹਰੇ ਬੇਪਰਦ ਕਰ ਗਿਆ,
ਸੀਨਾ ਮੇਰਾ ਛਲਣੀ ਕਰ ਗਏ, ਤੀਰ ਜੁ ਉਹਨਾਂ ਕੱਸੇ ਸੀ ।

ਗਿਲਾ ਕੋਈ ਨਾ ਕੋਈ ਸ਼ਿਕਾਇਤ, ਹੁਣ ਅਪਣੇ ਹਮਸਾਇਆਂ ’ਤੇ,
ਕਿੱਦਾਂ ਬਣਦੇ ਉਹ ਸਹਾਰਾ, ਹੀਣੀ-ਸੋਚ ਗਰੱਸੇ ਸੀ ।

ਸੋਹਣੇ-ਸੱਜਣ, ਸੋਹਣੀਆਂ ਯਾਦਾਂ, ਦੁੱਖ ਸਭ ਮੇਰੇ ਦੂਰ ਕਰਨ,
ਅੱਖੀਆਂ ਰਸਤੇ ਦਿਲਬਰ ਮੇਰੇ, ਆ ਸਾਹਾਂ ਵਿਚ ਵੱਸੇ ਸੀ ।

ਹੋ ਗਿਆ ਅਹਿਸਾਸ ਹੈ ਹੁਣ ਤਾਂ, ਹੁਣ ਵੀ ਵਕਤ ਸੰਭਾਲ ਲੈ ਤੂੰ,
ਜਿਹਨਾਂ ਪਿੱਛੇ ਉਮਰ ਗੁਜ਼ਾਰੀ, ਉਹ ਸਭ ਮੋਹ ਦੇ ਰੱਸੇ ਸੀ ।

‘ਨਾਨਕ’ ਸ਼ਾਇਰ ਸੱਚ ਦਾ ਰਾਹੀ, ਸੱਚ ਦਾ ਹੋਕਾ ਦਿੱਤਾ ਓਸ,
ਫੇਰ ਗਿਆ ਉਹ ਸੱਚ ਦੀ ਮਾਲਾ, ਉਪਦੇਸ਼ ਓਸ ਦੇ ਸੱਚੇ ਸੀ ।

ਹਿੰਮਤ ਸਾਹਵੇਂ ਖੜ੍ਹੀ ਸੀ ਮੰਜ਼ਿਲ, ਪੈਰ ਓਸ ਆ ਚੁੰਮ ਲਏ,
ਨੌਂ-ਬਰ-ਨੌਂ ਹੋਏ ‘ਬੇਕਸ’ ਜੀ, ਮਿੱਤਰ ਮੇਰੇ ਹੱਸੇ ਸੀ ।

●

ਜ਼ਮਾਨੇ ਦਿਲਜਲੋਂ ਕੋ ਯੂੰ ਹੀ, ਜਲਾਯਾ ਤੋ ਨਹੀਂ ਕਰਤੇ ।
ਜੋ ਬਾਤੇਂ ਬੇ-ਸਬੱਬ ਹੀ ਹੈਂ, ਬੜਾਯਾ ਤੋ ਨਹੀਂ ਕਰਤੇ ।

ਨ ਤੋ ਇਤਰਾ ਕੇ ਕਰਤੇ ਹੈਂ, ਨ ਭੂਲੇ ਸੇ ਕਭੀ ਹਮਦਮ,
ਹੰਸੀਂ ਮੇਂ ਬੇ-ਬਸੋਂ ਕੋ ਯੂੰ, ਉੜਾਯਾ ਤੋ ਨਹੀਂ ਕਰਤੇ ।

ਲਬੋਂ ਪੇ ਆ ਰਹੀ ਹੈ ਜੋ, ਨਹੀਂ ਦਿਲ ਮੇਂ ਉਸੇ ਰੱਖੋ,
ਹਸਰਤੋਂ ਔਰ ਜਜ਼ਬੋਂ ਕੋ, ਦਬਾਯਾ ਤੋ ਨਹੀਂ ਕਰਤੇ ।

ਯਹਾਂ ਨਾ-ਕਾਮੀਓਂ ਕੇ ਦੌਰ, ਤੋ ਆਤੇ ਹੈਂ ਜਾਤੇ ਹੈਂ,
ਸੀਨੇ ਸੇ ਕਭੀ ਇਨ ਕੋ, ਲਗਾਯਾ ਤੋ ਨਹੀਂ ਕਰਤੇ ।

ਯੂੰ ਹੀ ਜਾਨ ਦੇਨੇਂ ਕੀ, ਨ ਬਾਤੇਂ ਤੁਮ ਕਰੋ ਦਿਲਬਰ,
ਚਾਹਨੇ ਵਾਲੋਂ ਕੇ ਦਿਲ ਕੋ, ਦੁਖਾਯਾ ਤੋ ਨਹੀਂ ਕਰਤੇ ।

ਦਿਲ ਸੇ ਹੈ ਫਿਦਾ ਤੁਮ ਪਰ, ਦੇਗਾ ਜਾਂ ਭੀ ਉਲਫਤ ਮੇਂ,
ਐਸੇ ਆਸ਼ਿਕ ਕੋ ਸੂਲ਼ੀ ਪੇ, ਚੜ੍ਹਾਯਾ ਤੋ ਨਹੀਂ ਕਰਤੇ ।

ਅਬ ਪਸਤ ਹੌਂਸਲਾ ਹੈਂ, ਔਰ ਲਾਚਾਰ ਭੀ ਹੈਂ ਹਮ,
ਯੂੰ ਵਕਤ ਕੇ ਮਾਰੋਂ ਕੋ, ਸਤਾਯਾ ਤੋ ਨਹੀਂ ਕਰਤੇ ।

ਬਹੁਤ ਬਿਹਤਰ ਯਹੀ ਹੋਗਾ, ਉਠਾ ਲੋ ਗਿਰਨੇ ਵਾਲੋਂ ਕੋ,
ਨਾਹਕ ਹੀ ਕਿਸੀ ਕੋ ਭੀ, ਗਰਾਯਾ ਤੋ ਨਹੀਂ ਕਰਤੇ ।

ਸਮੇਟੋ ਹਿੰਮਤੇਂ 'ਬੇਕਸ', ਜੋ ਬੜ੍ਹਨਾ ਹੈ ਤੁਮੇ ਆਗੇ,
ਕਿਨਾਰੇ ਬੈਠ ਕਰ ਮਾਤਮ, ਮਨਾਯਾ ਤੋ ਨਹੀਂ ਕਰਤੇ ।

●

ਚਾਂਦ ਔਰ ਤਾਰੋਂ ਕੋ ਮਾਤ, ਪਾ ਰਹੀ ਹੋ ਤੁਮ ।
ਨ ਜਾਨੇ ਸਿਤਮ ਕਿਤਨੇ, ਢਾ ਰਹੀ ਹੋ ਤੁਮ ।

ਅੰਦਾਜ਼ ਹੈ ਅਲਗ ਸੇ, ਔਰ ਅਦਾਏਂ ਪੁਰ ਅਸਰ,
ਦਿਲੇ-ਬੇਤਾਬ ਕੀ ਬੇਤਾਬੀਆਂ, ਬੜਾ ਰਹੀ ਹੋ ਤੁਮ ।

ਦੇਖੂੰ ਹੈ ਕੌਨ ਬਚਤਾ, ਤਿਰਛੀ ਨਜ਼ਰ ਸੇ ਆਜ,
ਚਿਲਮਿਨ ਕੋ ਰੁਖ ਸੇ ਐਸੇ, ਹਟਾ ਰਹੀ ਹੋ ਤੁਮ ।

ਤੁਮੀਂ ਪੇ ਸਭ ਨਿਗਾਹੇਂ, ਮਹਿਫਿਲ ਕੀ ਜਾਨ ਹੋ,
ਸ਼ੀਰੀਂ ਲਬੋਂ ਸੇ ਫੂਲ, ਬਰਸਾ ਰਹੀ ਹੋ ਤੁਮ ।

ਤਿਰੀ ਅਦਾ ਕੇ ਚਰਚੇ, ਹੈਂ ਆਜ ਹਰ ਤਰਫ਼ ਹੀ,
ਦੀਵਾਨਾ ਹਰ ਕਿਸੀ ਕੋ, ਬਨਾ ਰਹੀ ਹੋ ਤੁਮ ।

ਅਬ ਔਰ ਨਾ ਸਹੇਂਗੇ, ਸੱਯਾਦ ਕੇ ਜ਼ੁਲਮ ਕੋ,
ਦਿਲ ਕੀ ਬਾਤ ਸਬ ਕੋ, ਬਤਲਾ ਰਹੀ ਹੋ ਤੁਮ ।

ਮੰਜ਼ਿਲ ਹੈ ਦੋ ਕਦਮ ਪੇ, ਯੇ ਨਾ-ਉਮੀਦੀ ਛੋੜੋ,
ਯੂੰ ਗਿਰਤੇ ਹੌਂਸਲੋਂ ਕੋ, ਉਠਾ ਰਹੀ ਹੋ ਤੁਮ ।

ਗਲੇ ਮੇਂ ਸੋਜ਼ ਵੱਲ੍ਹਾ, ਕਾਬੂ ਹੈ ਸੁਰੋਂ ਪੇ ਭੀ,
ਮਹਿਫਿਲ ਕੋ ਆਜ ਨਗਮੇਂ, ਸੁਨਾ ਰਹੀ ਹੋ ਤੁਮ ।

ਮਾਨੋ-ਨ-ਮਾਨੋ 'ਬੇਕਸ', ਤੁਮ ਪਰ ਨਿਸਾਰ ਹੂੰ ਮੈਂ,
ਅਜ਼ਲੋਂ ਸੇ ਪ੍ਰੀਤ ਅਪਨੀ, ਜਤਲਾ ਰਹੀ ਹੋ ਤੁਮ ।

●

ਔਖੀ ਘਾਟੀ, ਚੜ੍ਹਦੇ-ਚੜ੍ਹਦੇ ।
ਜਿੱਤ ਗਏ ਉਹ, ਲੜਦੇ-ਲੜਦੇ ।

ਇਸ਼ਕ ਦਾ ਸਾਗਰ, ਪਾਰ ਹੋ ਗਏ,
ਇਸ਼ਕ ਦਾ ਕਲਮਾ, ਪੜ੍ਹਦੇ-ਪੜ੍ਹਦੇ ।

ਨਾਗ ਇਸ਼ਕ ਦਾ, ਲੜ ਹੀ ਜਾਂਦੈ,
ਚੜ੍ਹਦੀ-ਉਮਰੇ, ਚੜ੍ਹਦੇ-ਚੜ੍ਹਦੇ ।

ਆਖਿਰ ਨੂੰ ਇਹ, ਖੜ੍ਹ ਚਲੀ ਹੈ,
ਨਬਜ਼ ਮੇਰੀ ਹੁਣ, ਖੜ੍ਹਦੇ-ਖੜ੍ਹਦੇ ।

ਇਸ਼ਕ ਨਗਰ ਦੇ, ਸਾਰੇ ਵਾਸੀ,
ਇਕ ਦੂਜੇ ਤੋਂ, ਚੜ੍ਹਦੇ-ਚੜ੍ਹਦੇ ।

ਰੁੰਡ-ਮਰੁੰਡਾ, ਕਰ ਗਏ ਆਖਿਰ,
ਰੁੱਖ ਤੋਂ ਪੱਤੇ, ਝੜਦੇ-ਝੜਦੇ ।

ਖ਼ੁਦ ਦੀ ਨਜ਼ਰੋਂ, ਲਹਿ ਜਾਂਦਾ ਹੈ,
ਦੋਸ਼ ਹੋਰਾਂ ਸਿਰ, ਮੜ੍ਹਦੇ-ਮੜ੍ਹਦੇ ।

ਉਮਰਾ ਸਾਰੀ, ਬੀਤ ਹੈ ਚਲੀ,
ਘੋਗੇ-ਸਿੱਪੀਆਂ, ਫੜਦੇ-ਫੜਦੇ ।

ਮੌਲਾ ਜਿਸ ਨੂੰ, ਰੱਖੇ 'ਬੇਕਸ',
ਬਚ ਜਾਂਦਾ ਉਹ, ਹੜ੍ਹਦੇ-ਹੜ੍ਹਦੇ ।

●

ਵਫ਼ਾ ਬਦਲੇ ਵਫ਼ਾ ਚਾਹੁੰਦੈ, ਬੜਾ ਨਾਦਾਨ ਹੈ 'ਬੇਕਸ' ।
ਸਮਝ ਵਾਲੇ ਤਾਂ ਕਹਿੰਦੇ ਨੇ, ਭਲਾ ਇਨਸਾਨ ਹੈ 'ਬੇਕਸ' ।

ਅਸਾਡੇ ਸਾਹੀਂ ਵੱਸਦਾ ਹੈ, ਤੇ ਸਾਡੀ ਜਾਨ ਹੈ 'ਬੇਕਸ' ।
ਮੇਰੇ ਸਭ ਯਾਰ ਕਹਿੰਦੇ ਨੇ, ਦਿਲੀ ਅਰਮਾਨ ਹੈ 'ਬੇਕਸ' ।

ਬਾਣ ਸ਼ਬਦਾਂ ਦੇ ਛੱਡਦਾ ਹੈ, ਤੇ ਗਿਣ-ਗਿਣ ਐਬ ਵੀ ਦੱਸੇ,
ਇਹ ਅਕਸਰ ਆਖਦਾ ਦੂਤੀ, ਬੜਾ ਸ਼ੈਤਾਨ ਹੈ 'ਬੇਕਸ' ।

ਜਿਨ੍ਹਾਂ ਦੇ ਨਾਲ ਨਿਭਿਆਂ ਹਾਂ, ਤੇ ਮਾਲਾ ਫੇਰਦਾਂ ਅੱਜ ਵੀ,
ਨੇ ਬਦਲੇ ਉਹ ਮੇਰੇ ਮਹਿਰਮ, ਬੜਾ ਹੈਰਾਨ ਹੈ 'ਬੇਕਸ' ।

ਜਿਸ ਘਰ ਨਾ ਹੋਵੇ ਨਾਰੀ, ਨਾ ਮੁਸਕਾਨ ਬੱਚੇ ਦੀ,
ਨਹੀਂ ਹੁੰਦਾ ਉਹ ਘਰ ਮੰਦਰ, ਉਹ ਬੀਆਬਾਨ ਹੈ 'ਬੇਕਸ' ।

ਲਿਖੇਂ ਤੂੰ ਬਹਿਰ ਦੇ ਅੰਦਰ, ਤੇ ਆਖੇਂ ਵਿੱਚ ਤਰੰਨੁਮ ਦੇ,
ਇਹ ਅਦਬੀ ਮਹਿਫ਼ਲਾਂ ਅੰਦਰ, ਤੇਰੀ ਪਹਿਚਾਨ ਹੈ 'ਬੇਕਸ' ।

ਜਗਤ ਜਨਨੀ ਕਹਿ ਨਾਰੀ ਨੂੰ, ਸਦਾ ਸਤਿਕਾਰਿਆ ਬਾਬੇ,
ਅਦੁੱਤੀ ਓਸ ਸ਼ਾਇਰ ਦੀ, ਅਦੁੱਤੀ ਸ਼ਾਨ ਹੈ 'ਬੇਕਸ' ।

ਕਾਤਿਲ ਹੈਂ ਤੂੰ ਜਾਬਰ ਹੈਂ, ਤੇਰੀ ਹੁਣ ਹਾਰ ਹੋਣੀ ਹੈ,
ਤੇਰੇ ਸਾਹਵੇਂ ਜੋ ਡਟਿਆ ਹੈ, ਬੜਾ ਬਲਵਾਨ ਹੈ 'ਬੇਕਸ' ।

ਓਦ੍ਹੇ ਸ਼ਿਅਰਾਂ ਦੀ ਚਰਚਾ ਹੈ, ਜਵਾਂ ਹੋਈ ਗ਼ਜ਼ਲ ਓਦ੍ਹੀ,
ਗ਼ਜ਼ਲਕਾਰਾਂ ਦੇ ਪਿੜ ਅੰਦਰ, ਨਵਾਂ ਸੁਲਤਾਨ ਹੈ 'ਬੇਕਸ' ।

# ਸਾਵਣ ਰੁੱਤ

ਜਦ ਝੜੀ ਸਾਉਣ ਦੀ ਲੱਗਦੀ ਹੈ,
ਮਨ ਉੱਡ-ਜੂ ਉੱਡ-ਜੂ ਕਰਦਾ ਹੈ ।
ਮੇਰਾ ਮਾਹੀ ਵਿੱਚ ਪਰਦੇਸਾਂ ਦੇ,
ਦਿਲ ਠੰਡੇ ਹਉਕੇ ਭਰਦਾ ਹੈ ।

ਮਾਹੀ ਦੀ ਇੱਕ ਛੋਹ ਖਾਤਿਰ,
ਮੈਂ ਨਿੰਮੋਝੂਣੀ ਹੋਈ ਹਾਂ ।
ਮੇਰੇ ਹਾਸੇ ਹਿੱਸਦੇ-ਹਿੱਸਦੇ ਨੇ,
ਮੈਂ ਲੱਗਦੀ ਮੋਈ ਮੋਈ ਹਾਂ ।

ਕੀਕਣ ਜਾ ਵਿੱਚ ਤ੍ਰਿੰਝਣਾਂ ਦੇ,
ਕੋਈ ਰੰਗਲਾ ਚਰਖਾ ਡਾਹਵਾਂ ਮੈਂ ।
ਤੇ ਕਿੱਦਾਂ ਪਿੱਪਲੀਂ ਪਾ ਪੀਘਾਂ,
ਕੋਈ ਲੰਮੀ ਪੀਂਘ ਚੜ੍ਹਾਵਾਂ ਮੈਂ ।

ਇਹ ਸਾਵਣ ਜਿਉਂ ਜਿਉਂ ਵਰ੍ਹਦਾ ਏ,
ਮੇਰੇ ਤਨ ਦਾ ਲੂੰ-ਲੂੰ ਸੜਦਾ ਹੈ ।
ਇੱਕ ਪਾਣੀ ਫਿਰਦਾ ਗਲੀਆਂ ਵਿੱਚ,
ਇੱਕ ਪਾਣੀ ਸਿਰ 'ਤੇ ਚੜ੍ਹਦਾ ਹੈ ।

ਔਹ ਅਸਮਾਨਾਂ ਤੇ ਪੀਂਘ ਕੋਈ,
ਸਤਰੰਗੀ ਜਦ ਵੀ ਪੈਂਦੀ ਹੈ ।
ਕੋਈ ਰੀਝ ਕੁਆਰੀ ਮਰਦੀ ਹੈ,
ਕੋਈ ਉੱਸਲਵੱਟੇ ਲੈਂਦੀ ਹੈ ।

ਮੈਨੂੰ ਸਖੀਆਂ ਛੇੜਨ ਇਹ ਕਹਿ ਕੇ,
ਕਦ ਢੋਲੇ ਤੇਰੇ ਆਉਣਾ ਹੈ ।
ਕਦ ਸਈਆਂ ਦੇ ਵਿੱਚ ਬਹਿ ਕੇ ਤੂੰ,
ਕੋਈ ਗੀਤ ਵਸਲ ਦਾ ਗਾਉਣਾ ਹੈ ।

ਮੈਂ ਹਰ ਪਲ ਕਰਾਂ ਉਡੀਕ ਤੇਰੀ,
ਤੂੰ ਮਾਹੀ ਵੇ ਘਰ ਆ ਜਾਵੀਂ ।
ਇਸ ਦਰਦ ਵਿਰੁੰਨੇ ਦਿਲ ਵਿਹੜੇ,
ਇੱਕ ਵਾਰੀ ਫੇਰਾ ਪਾ ਜਾਵੀਂ ।

ਨਾ ਖ਼ੁਦ ਆਵੇਂ ਨਾ ਖ਼ਤ ਪਾਵੇਂ,
ਤੂੰ ਫ਼ੋਨ ਵੀ ਅੜਿਆ ਕਰਦਾ ਨਈ੍ਹੀਂ ।
ਮੇਰੇ ਸੋਹਣਿਆ ਸੱਜਣਾਂ ਬਾਝ ਤੇਰੇ,
ਇੱਕ ਪਲ ਵੀ ਮੇਰਾ ਸਰਦਾ ਨਈ੍ਹੀਂ ।

ਤੱਤੜੀ ਨੂੰ ਰਹੇ ਉਡੀਕ ਤੇਰੀ,
ਦਿਨ ਆਉਂਦਾ ਤੇ ਤੁਰ ਜਾਂਦਾ ਹੈ ।
ਮੈਨੂੰ ਇਸ਼ਕ ਤੇਰੇ ਨੇ ਡੰਗਿਆ ਏ,
ਤੇ ਤੇਰਾ ਹਿਜਰ ਸਤਾਂਦਾ ਹੈ ।

ਜਦ ਨਾਗ ਇਸ਼ਕ ਦਾ ਲੜ ਜਾਵੇ,
ਉਦੋਂ ਜੂਨ ਸਰਾਪੀ ਜਾਂਦੀ ਹੈ ।
ਫਿਰ ਰਾਂਝਾ ਜੋਗੀ ਹੋ ਜਾਂਦੈ,
ਸੱਸੀ ਵੀ ਜਾਨ ਗਵਾਂਦੀ ਹੈ ।

ਮੈਂ ਤਰਲੇ ਮਿੰਨਤਾਂ ਕਰਦੀ ਹਾਂ,
ਇੱਕ ਵਾਰੀ ਫੇਰਾ ਪਾ ਮਾਹੀਆ ।
ਮੇਰੀ ਜਾਨ ਮੁੱਠੀ ਵਿੱਚ ਆਈ ਏ,
ਤੂੰ ਆ ਕੇ ਪ੍ਰੀਤ ਨਿਭਾ ਮਾਹੀਆ ।

ਮੈਂ ਚਾਹੁੰਦੀ ਹਾਂ ਇਹ ਸਾਵਣ-ਰੁੱਤ,
ਮੇਰੇ 'ਤੇ ਕਰਮ ਕਮਾ ਦੇਵੇ ।
ਅਰਸੇ ਤੋਂ ਵਿਛੜੇ 'ਬੇਕਸ' ਦੇ,
ਇਸ ਵਾਰ ਤਾਂ ਦਰਸ ਕਰਾ ਦੇਵੇ ।

## ਏਹ ਕੇਹੀ ਰੁੱਤ

ਏਹ ਕੇਹੀ ਰੁੱਤ ਆਈ,
ਸੱਜਣ ਜੀ !
ਘੋਰ-ਉਦਾਸੀ ਛਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਰਾਤ ਗ਼ਮਾਂ ਦੀ
ਹੋਈ ਲੰਮੇਰੀ
ਅੰਬਰੀਂ ਬੱਦਲਵਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਦਿਲ ਦੇ ਵਿਹੜੇ
ਬਿਰਹਾ ਨੱਚੇ,
ਗ਼ਮਾਂ ਨੇ ਘੋੜੀ ਗਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਨੈਣ ਪਿਆਸੇ
ਤਰਸ ਰਹੇ ਨੇ
ਜਿੰਦ ਮੇਰੀ ਕੁਮਲਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਤਾਂਘ ਮਿਲਣ ਦੀ
ਵੱਧਦੀ ਜਾਏ
ਯਾਦਾਂ ਲਈ ਅੰਗੜਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਪੀੜ ਮੇਰੀ ਹੁਣ
ਰਹੀ ਨਾ ਮੇਰੀ
ਹੋਈ ਪੀੜ ਪਰਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਆਸ ਦੇ ਪੱਤਣ
ਖੋਰਾ ਲੱਗਿਆ
ਜਾਨ ਮੁੱਠੀ ਵਿਚ ਆਈ,
ਸੱਜਣ ਜੀ !
ਏਹ ਕੇਹੀ ਰੁੱਤ......

ਜ਼ਹਿਰੀ ਹੋਈਆਂ
ਸੰਦਲੀ ਪੌਣਾਂ
ਮਚੀ ਹੈ ਰਾਮ ਦੁਹਾਈ,
ਸੱਜਣ ਜੀ !
ਏਹ ਕੇਹੀ ਰੁੱਤ......

ਸੁਪਨੇ ਵਿਚ ਵੀ
ਦੀਦ ਨਾ ਹੋਵੇ,
ਕਿਸ ਨੇ ਫਾਹੀ ਪਾਈ,
ਸੱਜਣ ਜੀ !
ਏਹ ਕੇਹੀ ਰੁੱਤ......

'ਬੇਕਸ' ਦਿਲ ਦੀ
ਆਸ ਜਾਂ ਟੁੱਟੀ
ਅੱਖੀਆਂ ਝੜੀ ਲਗਾਈ,
ਸੱਜਣ ਜੀ !
ਏਹ ਕੇਹੀ ਰੁੱਤ......

●●

ਸੰਤੋਖ ਸਿੰਘ ਧੀਰ

# ਕਾਮਿਆਂ ਦਾ ਸਫ਼ੀਰ

ਦਿਲ ਤੋਂ ਮੈਂ ਨਤਮਸਤਕ ਹੋਵਾਂ,
ਕਾਮਿਆਂ ਦੇ ਸਫ਼ੀਰ ਨੂੰ ।
ਖੋਜਾਂ ਦੇ ਲਈ ਦਾਨ ਦੇ ਗਿਆ,
ਜਾਂਦੀ ਵਾਰ ਸਰੀਰ ਨੂੰ ।

ਮਜ਼ਦੂਰਾਂ ਨਾਲ ਰਲ਼ ਕੇ ਲੜਿਆ,
ਕਾਮਿਆਂ ਦੇ ਸੰਗ ਸਦਾ ਹੀ ਖੜ੍ਹਿਆ,
ਹਾਕਮ ਕਦੇ ਵੀ ਕੱਟ ਸਕੇ ਨਾ,
ਧੀਰ ਦੇ ਕਲਮੀ ਤੀਰ ਨੂੰ ।

ਮੋਹਰੀ ਹੋ ਜ਼ੁਲਮੀਂ ਨੂੰ ਭੰਡਿਆ,
ਜਿਸ ਨੇ ਹਰ ਕਾਮੇ ਨੂੰ ਡੰਗਿਆ,
ਹਰ ਅੱਖਰ ਹੈ ਸ਼ਾਹਦੀ ਭਰਦਾ,
ਪੜ੍ਹ ਵੇਖੋ ਜੀ ਤਹਿਰੀਰ ਨੂੰ ।

ਧੀਰ ਦੀ ਰੂਹ ਪੁਕਾਰ ਕਰੇ ਇਹ,
ਸਾਥੀਆਂ ਨੂੰ ਵੰਗਾਰ ਕਰੇ ਇਹ,
ਏਕੇ ਨੂੰ ਹਥਿਆਰ ਬਣਾ ਕੇ,
ਕੱਟੋ ਹਰ ਜ਼ੰਜੀਰ ਨੂੰ ।

ਏਕੇ ਵਾਲੀ ਤਾਨ 'ਤੇ ਗਾਓ,
ਮਿਲ ਕੇ ਸਾਰੇ ਕਦਮ ਵਧਾਓ,
ਇਹੋ ਰਾਹ ਹੀ ਬਦਲ ਹੈ ਸਕਦਾ,
ਕਾਮੇ ਦੀ ਤਕਦੀਰ ਨੂੰ ।

ਸੰਤੋਖ ਦਾ ਪੱਲਾ ਧੀਰ ਨੇ ਫੜਿਆ,
ਸਿੰਘ ਸੂਰਾ ਹੱਕਾਂ ਲਈ ਲੜਿਆ,
ਧੀਰ ਦੇ ਗਿਆ ਜਾਂਦੀ ਵਾਰੀ,
ਹਰ ਇੱਕ ਕਾਮੇ ਦਿਲਗੀਰ ਨੂੰ ।

ਪੈਂਤੀ ਅੱਖਰੀ ਦਾ ਉਪਾਸ਼ਕ,
ਮਾਂ-ਬੋਲੀ ਦਾ ਸੱਚਾ ਆਸ਼ਕ,
ਥੰਮ੍ਹਾਂ ਨੇ ਵੀ ਥੰਮ੍ਹ ਕਿਹਾ,
ਸਮਕਾਲੀ ਆਪਣੇ ਵੀਰ ਨੂੰ ।

ਹਰ ਦੁੱਖ ਧੀਰ ਨੇ ਜੇਲ੍ਹੀਂ ਜਰਿਆ,
ਨਾ ਉਹ ਝੁਕਿਆ ਤੇ ਨਾ ਡਰਿਆ,
ਜਿੱਤ ਕੇ ਮੁੜਿਆ ਹਰ ਬਾਜ਼ੀ ਨੂੰ,
ਉਹ ਆਖਿਰ ਅਖੀਰ ਨੂੰ ।

ਦਾਨਿਸ਼ਮੰਦ ਇਨਸਾਨ ਧੀਰ ਸੀ,
ਸਿਰਕੱਢਵਾਂ ਵਿਦਵਾਨ ਧੀਰ ਸੀ,
'ਬੇਕਸ' ਤਾਈਓਂ ਨਮਨ ਕਰਾਂ ਮੈਂ,
ਬਾਬੇ ਬੋਹੜ ਫਕੀਰ ਨੂੰ ।

●●

## ਇਜ਼ਹਾਰ

ਕੁੜੀ : ਤੂੰ ਮਾਹੀ ਏਂ ਦਿਲਦਾਰ ਮੇਰਾ,
ਸਭ ਆਖਣ ਤੈਨੂੰ ਯਾਰ ਮੇਰਾ,
ਮੈਂ ਵੀ ਇਕਰਾਰ ਇਹ ਕਰਦੀ ਹਾਂ,
ਤੂੰਈਓਂ ਹੈਂ ਪਹਿਲਾ ਪਿਆਰ ਮੇਰਾ ।

ਮੁੰਡਾ : ਜਦ ਵੀ ਖ਼ਾਅਬਾਂ ਵਿਚ ਆਉਂਦੀ ਏਂ,
ਤੂੰ ਸਬਰ ਮੇਰਾ ਅਜ਼ਮਾਉਂਦੀ ਏਂ,
ਨਾ ਤੇਰਾ ਹੌਂਸਲਾ ਤੋੜਾਂਗੀ,
ਇਹ ਮੈਨੂੰ ਯਕੀਨ ਦਿਵਾਉਂਦੀ ਏਂ ।

ਕੁੜੀ : ਲੈ ਸੱਜਣਾ ਅੱਜ ਇਜ਼ਹਾਰ ਕਰਾਂ,
ਤੇਰਾ ਹੱਦੋਂ ਵੱਧ ਸਤਿਕਾਰ ਕਰਾਂ,
ਜੇ ਤੂੰ ਵੀ ਹਾਮੀ ਭਰ ਦੇਵੇਂ,
ਮੈਂ ਤੈਥੋਂ ਜਿੰਦ ਨਿਸਾਰ ਕਰਾਂ ।

ਮੁੰਡਾ : ਤੇਰੀ ਭੋਲੀ ਭਾਲੀ ਸੂਰਤ ਹੈ,
ਅਜੰਤਾ ਦੀ ਕੋਈ ਮੂਰਤ ਹੈ,
ਦਿਲ ਠੱਗਿਆ ਨਾਜ਼ ਅਦਾਵਾਂ ਨੇ,
ਮੁਸਕਣੀ ਤੀਰ ਚਲਾਉਂਦੀ ਹੈ ।

ਕੁੜੀ : ਤੀਆਂ ਦੇ ਮੇਲੇ ਵਿਚ ਚਲ ਕੇ,
ਮੈਂ ਨਾਲ ਸਹੇਲੀਆਂ ਦੇ ਰਲ਼ ਕੇ,
ਗਿੱਧੇ ਵਿੱਚ ਧਮਕਾਂ ਪਾਵਾਂਗੀ,
ਤੇ ਅੰਬਰੀਂ ਪੀਂਘ ਚੜ੍ਹਾਉਣੀ ਏਂ ।

ਮੁੰਡਾ : ਮੈਨੂੰ ਰਹਿੰਦਾ ਸਦਾ ਸਰੂਰ ਜਿਹਾ,
ਤੇਰਾ ਜਲਵਾ ਕੋਹਿਤੂਰ ਜਿਹਾ,
ਚੰਨ ਤੱਕ ਬੱਦਲੀਂ ਲੁੱਕ ਜਾਂਦਾ ਏ,
ਉਦ੍ਹਾ ਨੂਰ ਨਾ ਤੇਰੇ ਨੂਰ ਜਿਹਾ ।

ਕੁੜੀ : ਤੇਰੇ ਨਾਂ ਦੀ ਮਹਿੰਦੀ ਲਾਉਣੀ ਵੇ,
ਤੇ ਵੰਗ ਵੀਣੀ ਵਿਚ ਪਾਉਣੀ ਵੇ,
ਤੂੰ ਦਿੱਤੀ ਪਿਆਰ ਨਿਸ਼ਾਨੀ ਜੋ,
ਉਹ ਝਾਂਜਰ ਮੈਂ ਛਣਕਾਉਣੀ ਵੇ ।

ਮੁੰਡਾ : ਤੈਨੂੰ ਪਾਉਣਾ-ਲਾਉਣਾ ਆਉਂਦਾ ਹੈ,
ਜੋ ਰੂਪ ਨੂੰ ਹੋਰ ਸਜਾਉਂਦਾ ਹੈ,
'ਬੇਕਸ' ਸ਼ਾਇਰ ਦਾ ਦਿਲ ਅੜੀਏ,
ਤੇਰੇ ਹੀ ਸੋਹਿਲੇ ਗਾਉਂਦਾ ਹੈ ।

●●

## ਡਰ

ਮੈਨੂੰ
ਗੋਲੀ, ਖੰਜਰ
ਨਹੀਂ
ਡਰਾਉਂਦੇ
ਬਲਕਿ
ਮੈਂ ਤਾਂ ਡਰਦਾ ਹਾਂ
ਦੂਤੀ ਦੀ
ਹਮਦਰਦੀ ਤੋਂ.....

## ਜੁਝਾਰੂ

ਜੋ ਉਲਟ
ਸਥਿਤੀਆਂ
ਸਾਹਵੇਂ
ਨਾ ਮੰਨੇ ਹਾਰ
ਮੇਰੀ ਜਾਚੇ
ਉਹ
ਸੂਰਾ ਹੈ
ਇਨਸਾਨ ਹੈ.....

## ਘੋਰ-ਅਪਮਾਨ

ਕਬਰਾਂ 'ਤੇ ਦੀਵੇ
ਪਰ
ਘਰ ਦੀ ਚਾਰਦੀਵਾਰੀ 'ਚ
ਬਜ਼ੁਰਗਾਂ ਦੀ ਅਣਦੇਖੀ
ਨਾਦਾਨੀ ਹੀ ਨਹੀਂ
ਬਲਕਿ
ਘੋਰ-ਅਪਮਾਨ ਹੈ.....

## ਭਾਲ

ਲੋਕ-ਪੀੜਾ ਖਾਤਿਰ
ਜੋ ਪੀ ਲਵੇ
ਜ਼ਹਿਰ
ਉਸਨੂੰ
ਲੱਭ ਰਿਹਾਂ
ਅਜ਼ਲਾਂ ਤੋਂ
ਤੇ
ਭਾਲ ਜਾਰੀ ਹੈ.....

## ਹਕੀਕਤ

ਮੈਂ
ਨੂੰ ਮਾਰ ਲੈਣ ਦੇ
ਦਾਅਵੇ ਕਰਦਾ
ਹਰ ਇਨਸਾਨ
ਪਰ
ਹਕੀਕਤ 'ਚ
ਹੈ ਖ਼ੁਦ
ਸ਼ਿਕਾਰ ਇਸਦਾ.....

## ਤਕਰਾਰ

ਤੂੰ ਨਹੀਂ ਮੈਂ
ਸੱਚਾ ਹਾਂ
ਤੇ
ਮੇਰਾ ਪੱਖ ਸਹੀ
ਇਹ ਤਕਰਾਰ
ਅਜ਼ਲਾਂ ਤੋਂ ਜਾਰੀ ਹੈ
ਅੱਜ ਤੀਕ......

# ਰੁੱਖ, ਮਨੁੱਖ ਤੇ ਪਾਣੀ

ਹੋ ਗਿਆ ਹੈ ਬਹੁਤ ਕੁਵੇਲਾ,
ਹੁਣ ਰੁੱਖ ਸਾਂਭਣ ਦਾ ਹੈ ਵੇਲ਼ਾ ।
'ਬੇਕਸ' ਰਲ਼-ਮਿਲ਼ ਹੰਭਲਾ ਮਾਰੋ,
ਜੇ ਤੱਕਣਾ ਹੈ ਜੱਗ ਦਾ ਮੇਲਾ ।

ਆਉ ! ਮਿਲ ਕੇ ਰੁੱਖ ਉਗਾਈਏ,
ਵਾਤਾਵਰਣ ਸਵੱਛ ਬਣਾਈਏ ।
ਨਰਸਰੀਆਂ ਨੇ ਥਾਂ ਥਾਂ 'ਬੇਕਸ',
ਕੁੱਝ ਬੂਟੇ ਹੱਥੀਂ ਵੀ ਲਾਈਏ ।

ਕੁੱਝ ਕੁ ਨਫ਼ੇ ਦੀ ਖ਼ਾਤਿਰ ਜੇਕਰ,
ਫ਼ਰਜ਼ਾਂ ਤੋਂ ਕਤਰਾਉਗੇ ।
ਰੁੱਖਾਂ ਬਾਝੋਂ ਸਾਹ ਲੈਣ ਲਈ,
'ਬੇਕਸ' ਕਿੱਥੇ ਜਾਉਗੇ ?

ਗੰਧਲੀ ਹੋ ਜਾਊ ਕੁੱਲ ਫ਼ਿਜ਼ਾ,
ਜੇ ਰੁੱਖ ਵੱਢੀ ਜਾਉਗੇ ।
ਔਖਾ ਹੋ ਜਾਊ ਸਾਹ ਵੀ ਲੈਣਾ,
'ਬੇਕਸ' ਫਿਰ ਪਛਤਾਉਗੇ !

ਪ੍ਰਦੂਸ਼ਣ ਨੇ ਡੇਰੇ ਲਾਏ,
ਗੰਧਲੀ ਹੋ ਗਈ ਹੈ ਫ਼ਿਜ਼ਾ ।
ਬੌਣੀ ਸੋਚ ਦੇ ਕਾਰਣ ਏਥੇ,
'ਬੇਕਸ' ਹੋ ਗਈ ਜ਼ਹਿਰੀ 'ਵਾ ।

ਰੁੱਖ, ਮਨੁੱਖ ਦੇ ਸੱਚੇ ਯਾਰ,
'ਬੇਕਸ' ਦੇਖੋ ਸੋਚ-ਵਿਚਾਰ ।
ਛਾਂ ਦਿੰਦੇ ਨੇ, ਨਿੱਘ ਵੀ ਦੇਵਣ,
ਰੋਗਾਂ ਵਿਚ ਕਰਦੇ ਉਪਚਾਰ ।

ਕੁਦਰਤ ਦਾ ਵੱਡਾ ਉਪਹਾਰ,
ਆਕਸੀਜ਼ਨ ਦੇ ਨੇ ਭੰਡਾਰ ।
ਬੰਦਾ 'ਬੇਕਸ' ਕਦਰ ਨਾ ਕਰਦਾ,
ਰੁੱਖ, ਮਨੁੱਖ ਦੇ ਸੇਵਾਦਾਰ ।

ਪੰਜ-ਆਬਾਂ ਦਾ ਸੀ ਪੰਜਾਬ,
ਢਾਈ ਨਦੀਆਂ ਦੀ ਅੱਜ ਕਹਾਣੀ ।
ਅੰਤਾਂ ਦੀ ਮਿਕਦਾਰ ਘੱਟ ਗਈ,
'ਬੇਕਸ' ਹੋ ਗਿਐ ਜ਼ਹਿਰੀ ਪਾਣੀ ।

ਕੁਦਰਤ ਦਾ ਅਨਮੋਲ ਖ਼ਜ਼ਾਨਾ,
ਨਾ ਕਰ ਗੰਧਲਾ ਤੂੰ ਇਨਸਾਨਾ ।
ਪਾਣੀ ਪਿਤਾ ਦੀ ਹੋਂਦ ਜੇ ਮੁੱਕੀ,
'ਬੇਕਸ' ਫਿਰ ਨਾ ਰਹੂ ਟਿਕਾਣਾ ।

"ਪਹਿਲਾ ਪਾਣੀ ਜੀਉ ਹੈ",
ਇਹ ਕਹਿੰਦੀ ਨਾਨਕ ਦੀ ਬਾਣੀ ।
ਫਸਲ਼ੀ ਗੇੜ ਨੂੰ ਤੋੜ ਕਿਸਾਨਾ,
'ਬੇਕਸ' ਜੇ ਤੂੰ ਹੋਂਦ ਬਚਾਣੀ ।

ਘੁੱਟ ਘੁੱਟ ਕਰ ਕੇ ਮੁੱਕ ਜਾਵਾਂਗਾ,
ਮਾਨਵ ਹੱਥੋਂ ਲੁੱਟ ਜਾਵਾਂਗਾ ।
ਬੰਦੇ ਦੀ ਨਾ-ਸਮਝੀ ਕਾਰਣ,
'ਬੇਕਸ' ਇਸ ਤੋਂ ਖੁੱਸ ਜਾਵਾਂਗਾ ।

# ਗੀਤ

ਹਰ ਭਾਸ਼ਾ ਹਰ ਬੋਲੀ ਦਾ ਸਤਿਕਾਰ ਕਰਦਾ ਹਾਂ ।
ਮਾਂ-ਬੋਲੀ ਨੂੰ ਮਾਂ ਵਰਗਾ ਹੀ ਪਿਆਰ ਕਰਦਾ ਹਾਂ ।

ਇਸ ਦੇ ਵਿੱਚ ਹੀ ਬਾਬੇ ਨਾਨਕ, ਬਾਣੀ ਖ਼ੂਬ ਉਚਾਰੀ ਹੈ,
ਹਾਸ਼ਮ, ਬੁੱਲ੍ਹੇ, ਕਾਦਰ ਨੇ ਵੀ, ਏਸ 'ਚ ਟੁੱਭੀ ਮਾਰੀ ਹੈ,
ਏਸੇ ਲਈ ਮੈਂ ਸਜਦੇ ਸੌ ਸੌ ਵਾਰ ਕਰਦਾ ਹਾਂ ।
ਮਾਂ-ਬੋਲੀ ਨੂੰ ਮਾਂ ਵਰਗਾ ਹੀ..........................

ਸਿੱਠਣੀਆਂ ਤੇ ਢੋਲੇ, ਮਾਹੀਏ, ਗਿੱਧੇ-ਭੰਗੜੇ ਪਾਉਂਦੇ ਹਾਂ,
ਕੰਨਾਂ 'ਤੇ ਹੱਥ ਧਰ ਕੇ, ਅਸੀਂ ਕਲੀਆਂ ਪਏ ਗਾਉਂਦੇ ਹਾਂ,
ਇਸ ਬੋਲੀ ਵਿਚ ਤਾਈਉਂ, ਸਭ ਇਜ਼ਹਾਰ ਕਰਦਾ ਹਾਂ ।
ਮਾਂ-ਬੋਲੀ ਨੂੰ ਮਾਂ ਵਰਗਾ ਹੀ..........................

ਮਾਂ-ਬੋਲੀ ਪੰਜਾਬੀ ਜੀਵਨ ਢੰਗ ਸਿਖਾਉਂਦੀ ਹੈ,
ਦੇਸਾਂ-ਪਰਦੇਸਾਂ ਵਿੱਚ ਸਾਡਾ ਮਾਣ ਵਧਾਉਂਦੀ ਹੈ,
ਲੋਕਾਂ ਦੇ ਮਨ ਇਸ ਰਾਹੀਂ ਸਰਸ਼ਾਰ ਕਰਦਾ ਹਾਂ ।
ਮਾਂ-ਬੋਲੀ ਨੂੰ ਮਾਂ ਵਰਗਾ ਹੀ..........................

ਗ੍ਰੰਥ, ਕੁਰਾਨ ਤੇ ਬਾਈਬਲ, ਇਸ ਬੋਲੀ ਵਿੱਚ ਮਿਲਦੇ ਨੇ,
ਜਿਸ ਨੂੰ ਪੜ੍ਹ ਕੇ ਸਾਰੇ ਬੰਦ ਦੁਆਰੇ ਖੁਲ੍ਹਦੇ ਨੇ,
'ਬੇਕਸ' ਇਸ ਬੋਲੀ ਤੋਂ, ਜਾਂ-ਨਿਸਾਰ ਕਰਦਾ ਹਾਂ ।
ਮਾਂ-ਬੋਲੀ ਨੂੰ ਮਾਂ ਵਰਗਾ ਹੀ..........................

# ਗੀਤ

ਅਸੀਂ ਪੰਜਾਬੀ ਵਿਰਸੇ ਨੂੰ ਅਪਨਾਉਣਾ ਹੈ ।
ਦੁਨੀਆਂ ਅੰਦਰ ਏਸੇ ਦਾ ਜਸ ਗਾਉਣਾ ਹੈ ।

ਫਰੀਦ ਤੇ ਹਾਸ਼ਿਮ, ਜੈ ਦੇਵ ਇਸ ਦਾ ਮਾਣ ਰਹੇ,
ਸੂਫ਼ੀ, ਦਰਵੇਸ਼ੀ ਵੀ ਲਾਉਂਦੇ ਤਾਣ ਰਹੇ,
ਅਸੀਂ ਵੀ ਮਾਂ-ਬੋਲੀ ਦਾ ਮਾਣ ਵਧਾਉਣਾ ਹੈ ।
ਦੁਨੀਆਂ ਅੰਦਰ ਏਸੇ ਦਾ.................

ਸ਼ਰਫ਼, ਬੁਲ੍ਹੇ, ਵਾਰਿਸ ਦੀ ਰੂਹ ਨਸ਼ਿਆਉਂਦੀ ਰਹੀ,
ਅੰਮ੍ਰਿਤਾ ਪ੍ਰੀਤਮ ਇਸ ਦੇ ਸੋਹਿਲੇ ਗਾਉਂਦੀ ਰਹੀ,
ਅਸੀਂ ਉਨ੍ਹਾਂ ਸੋਚਾਂ ਨੂੰ ਅਪਨਾਉਣਾ ਹੈ ।
ਦੁਨੀਆ ਅੰਦਰ ਏਸੇ ਦਾ....................

ਨੂਰਪੁਰੀ, ਸ਼ਿਵ, ਮੋਹਨ ਜਿਹੇ ਕਿਰਦਾਰਾਂ ਨੂੰ,
ਢੋਲੇ, ਮਾਹੀਏ ਗਾਉਣ ਵਾਲੇ ਫ਼ਨਕਾਰਾਂ ਨੂੰ,
ਸਿੱਜਦਾ ਕਰਕੇ ਅਸੀਂ ਵੀ ਸੀਸ ਝੁਕਾਉਣਾ ਹੈ ।
ਦੁਨੀਆ ਅੰਦਰ ਏਸੇ ਦਾ....................

ਦੀਪਕ ਤੇ ਹਮਦਰਦ ਵੀ ਇਹਦੇ ਆਸ਼ਿਕ ਸੀ,
ਮਹਿਰਮ ਤੇ ਜਗਤਾਰ ਵੀ ਵੱਡੇ ਉਪਾਸ਼ਕ ਸੀ,
ਮਾਂ-ਬੋਲੀ ਦਾ ਬੂਟਾ, ਅਸਾਂ ਵੀ ਲਾਉਣਾ ਹੈ ।
ਦੁਨੀਆ ਅੰਦਰ ਏਸੇ ਦਾ....................

ਭਾਈ ਵੀਰ ਸਿੰਘ ਇਸ ਵਿਰਸੇ ਦੇ ਮੀਤ ਰਹੇ,
ਸੈਣੀ, ਪਾਤਰ, ਜੱਜ ਵੀ ਗਾਉਂਦੇ ਗੀਤ ਪਏ,
ਸਰਹੱਦੀ, ਗੁਰਮਿੰਦਰ ਨੂੰ ਵੀ ਗਾਉਣਾ ਹੈ ।
ਦੁਨੀਆ ਅੰਦਰ ਏਸੇ ਦਾ....................

---

ਗੀਤ 'ਚ ਆਏ ਅਦੀਬਾਂ ਦੇ ਨਾਂ ਬਾਬਾ ਫਰੀਦ, ਹਾਸ਼ਿਮ ਸ਼ਾਹ, ਭਗਤ ਜੈਦੇਵ, ਫੀਰੋਜ਼ਦੀਨ ਸ਼ਰਫ਼, ਬੁਲ੍ਹੇ ਸ਼ਾਹ, ਵਾਰਿਸ ਸ਼ਾਹ, ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਪ੍ਰੋ: ਮੋਹਨ ਸਿੰਘ, ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਭਾਈ ਵੀਰ ਸਿੰਘ, ਸ਼ੰਮਣ ਸਿੰਘ ਸੈਣੀ, ਸੁਰਜੀਤ ਪਾਤਰ, ਪ੍ਰੋ: ਸੁਰਜੀਤ ਜੱਜ, ਸੁਲੱਖਣ ਸਰਹੱਦੀ ਅਤੇ ਡਾ: ਗੁਰਮਿੰਦਰ ਸਿੱਧੂ

# ਗੀਤ

ਯੁੱਗਾਂ ਤੋਂ ਮਾਪੇ ਦੇ-ਦੇ ਮੱਤਾਂ, ਜੀਵਨ-ਜਾਚ ਸਿਖਾਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ, ਸਰਵਨ-ਪੁੱਤ ਕਹਾਂਦੇ ਨੇ ।

ਮਾਂ ਦਾ ਰੁਤਬਾ ਸਭ ਤੋਂ ਉੱਚਾ, ਆਪਣਾ ਸ਼ੀਰ ਪਿਲਾਉਂਦੀ ਹੈ,
ਜਾਨ ਤੋਂ ਪਿਆਰੀਆਂ ਜਾਨਾਂ ਉੱਤੋਂ, ਆਪਣੀ ਜਾਨ ਲੁਟਾਉਂਦੀ ਹੈ,
ਪਰਉਪਕਾਰ ਜੁ ਮਾਂ ਹੈ ਕਰਦੀ, ਯਾਦ ਸਦਾ ਹੀ ਆਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ.................................

ਰੋਲ ਪਿਤਾ ਦਾ ਘੱਟ ਨਹੀਂ ਹੈ, ਜਿੰਦੜੀ ਘੋਲ ਘੁਮਾ ਦੇਵੇ,
ਹੱਡ-ਭੰਨ੍ਹਵੀਂ ਮਿਹਨਤ ਕਰਕੇ, ਬਾਲਾਂ ਤਾਈਂ ਰਜਾ ਦੇਵੇ,
ਹੱਸ ਕੇ ਬੱਚੇ ਆਪਣੇ ਬਾਪ ਦਾ, ਸਾਰਾ ਦਰਦ ਭੁਲਾਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ.................................

ਮਾਂ-ਬਾਪ ਦੀ ਰਜ਼ਾ ਦੇ ਅੰਦਰ, ਧੀਆਂ ਚੱਲ ਵਿਖਾਂਦੀਆਂ ਨੇ,
ਆਪਣੇ ਵੀਰਾਂ ਦੇ ਉਹ ਸੋਹਿਲੇ, ਸਾਰੀ ਉਮਰ ਹੀ ਗਾਂਦੀਆਂ ਨੇ,
ਵੀਰ ਭੈਣ ਦੀ ਰਾਖੀ ਖ਼ਾਤਿਰ, ਤਲੀ 'ਤੇ ਜਾਨ ਟਿਕਾਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ.................................

ਆਪਣੇ ਜਾਇਆਂ ਖ਼ਾਤਿਰ ਮਾਪੇ, ਰੋਜ਼ ਹੀ ਦੁਖੜੇ ਜਰਦੇ ਨੇ,
ਬੱਚਿਆ ਖ਼ਾਤਿਰ ਜੀਂਦੇ ਮਾਪੇ, ਬੱਚਿਆਂ ਲਈ ਹੀ ਮਰਦੇ ਨੇ,
ਬੱਚਿਆਂ ਦੇ ਰਾਹਾਂ ਵਿਚ ਮਾਪੇ, ਨਿੱਤ ਨਿੱਤ ਦੀਪ ਜਗਾਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ.................................

ਮਾਪਿਆਂ ਦੇ ਪੈਰਾਂ ਦੇ ਹੇਠਾਂ, ਸੁਣਿਐਂ ਜੰਨਤ ਵਾਸ ਕਰੇ,
ਮਾਪਿਆਂ ਦੀ ਜੇ ਸੇਵਾ ਕਰੀਏ, ਰੱਬ ਹਰ ਪੂਰੀ ਆਸ ਕਰੇ,
'ਬੇਕਸ' ਸਾਰੇ ਪੀਰ-ਪੈਗੰਬਰ, ਇਹੋ ਗੱਲ ਸਮਝਾਂਦੇ ਨੇ ।
ਭਾਗਾਂ ਵਾਲੇ ਕੁਝ ਬੱਚੇ ਹੀ.................................

# ਗੀਤ

ਹਰ ਪਲ ਬੱਚਿਆਂ ਦੀ ਸੇਵਾ ਵਿੱਚ ਰਹਿੰਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਬੱਚਾ ਮਾਂ-ਮਾਂ ਕਰਦਾ ਜੇਕਰ ਥੱਕਦਾ ਨਈਂ,
ਮਾਂ ਦਾ ਜੀਅ ਵੀ ਸੇਵਾ ਕਰਨੋਂ ਅੱਕਦਾ ਨਈਂ,
ਸੁੱਕੀ ਥਾਂ ਦੇ, ਆਪ ਗਿੱਲੇ ਥਾਂ ਪੈਂਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਬੱਚਿਆਂ ਲਈ ਮਾਂ ਰੋਜ਼ ਤਸੀਹੇ ਜਰਦੀ ਏ,
ਬੱਚਿਆਂ ਖਾਤਿਰ ਉਹ ਜੀਊਂਦੀ ਤੇ ਮਰਦੀ ਏ,
ਬੱਚਿਆਂ ਲਈ ਹੀ ਅੱਖੀਓਂ ਗੰਗਾ ਵਹਿੰਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਮਾਂ ਦੀ ਮਮਤਾ ਦੇ ਤਾਂ ਕੁਝ ਵੀ ਤੁੱਲ ਨਹੀਂ,
ਮਾਂ ਦੀ ਮਮਤਾ ਦਾ ਤਾਂ ਕੁਝ ਵੀ ਮੁੱਲ ਨਹੀਂ,
ਅਜ਼ਲਾਂ ਤੋਂ ਬੱਚਿਆਂ ਲਈ ਦੁੱਖੜੇ ਸਹਿੰਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਮਾਂ ਕਰਕੇ ਉਪਕਾਰ ਕਦੇ ਜਤਾਉਂਦੀ ਨਹੀਂ,
ਬੱਚਿਆਂ ਵਲੋਂ ਕਦੇ ਵੀ ਧਿਆਨ ਹਟਾਉਂਦੀ ਨਹੀਂ,
ਹੌਂਸਲੇ ਵਾਲੀ ਥੰਮੀ ਕਦੇ ਨਾ ਢਹਿੰਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਤੇਰੀ ਕਰਨੀ ਨੂੰ ਮਾਂ ਦਿਲੋਂ ਸਲਾਮ ਕਰਾਂ,
ਰੱਬ ਤੋਂ ਪਹਿਲਾਂ ਮਾਂ ਤੈਨੂੰ ਪ੍ਰਣਾਮ ਕਰਾਂ,
'ਬੇਕਸ' ਦੁੱਖੜੇ ਜਰਦੀ ਕੁਝ ਨਾ ਕਹਿੰਦੀ ਏ ।
ਮਾਂ ਨੂੰ ਦੁਨੀਆ ਰੱਬ ਦਾ ਦਰਜਾ ਦਿੰਦੀ ਏ ।

ਚੰਡੀਗੜ੍ਹ ਰੇਡੀਓ ਤੋਂ ਪ੍ਰਸਾਰਿਤ **ਗੀਤ**

ਮਸਲੇ ਆਪਾਂ ਬਹਿ ਕੇ, ਸਾਰੇ ਹੱਲ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ, ਐਸੀ ਗੱਲ ਕਰੀਏ ।

ਪਹਿਲਾ ਪਾਣੀ ਜੀਓ ਹੈ ਬਾਣੀ ਕਹਿੰਦੀ ਹੈ,
ਹਰ ਨਦੀ ਅੱਜ ਮੈਲ਼ੀ, ਹੋ ਕੇ ਵਹਿੰਦੀ ਹੈ,
ਭਾਰਤ ਦਾ ਸਾਰਾ ਹੀ, ਨਿਰਮਲ ਜਲ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ.......................

ਫੁੱਟ ਚੰਦਰੀ ਦਾ ਮਿਲ ਕੇ, ਕੋਹੜ ਮਿਟਾ ਦਈਏ,
ਏਕੇ ਵਾਲਾ ਬੂਟਾ, ਘਰ-ਘਰ ਲਾ ਦਈਏ,
ਕਿਸੇ ਵੀ ਫਿਰਕੇ ਨਾਲ, ਕਦੇ ਨਾ ਛਲ਼ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ.......................

ਅੱਜ ਤੱਕ ਬੋਲ ਉਧਾਰੇ, ਲੈ ਜੋ ਗੱਜਦਾ ਹੈ,
ਅਮਨ ਦੀਆਂ ਤਜਵੀਜ਼ਾਂ, ਤੋਂ ਜੋ ਭੱਜਦਾ ਹੈ,
ਹੁਣ ਤੋਪਾਂ ਦੀਆਂ ਸੇਧਾਂ, ਓਹਦੇ ਵੱਲ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ.......................

ਪੁੱਤਾਂ ਵਾਲਿਓ ਕੁਝ ਤਾਂ, ਸੋਚ ਵਿਚਾਰ ਕਰੋ,
ਅਪਣੇ ਹੱਥੀਂ ਨਾ, ਸੁੰਨਾ ਸੰਸਾਰ ਕਰੋ,
ਕੁੱਖਾਂ ਵਿੱਚ ਨਾ, ਧੀਆਂ ਦੇ ਕਤਲ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ.......................

ਹਿੰਮਤ ਸਾਹਵੇਂ ਤਾਂ ਪਰਬਤ ਝੁੱਕ ਜਾਂਦੇ ਨੇ,
ਹੌਂਸਲੇ ਵਾਲੇ ਹਰ ਮੰਜ਼ਿਲ ਨੂੰ ਪਾਂਦੇ ਨੇ,
'ਬੇਕਸ' ਖ਼ੁਦ ਨੂੰ, ਨਾ ਕਦੇ ਬਿਹਬਲ ਕਰੀਏ ।
ਮੁੱਕ ਜਾਵੇ ਪ੍ਰਦੂਸ਼ਣ.......................

# ਗੀਤ

ਸਾਰੇ ਜੱਗ ਵਿੱਚ ਅਸੀਂ, ਮਹਿਕਾਂ ਨੂੰ ਖਿੰਡਾਉਣਾ ਹੈ ।
ਪਿਆਰ ਵਾਲਾ ਦੀਵਾ, ਹਰ ਘਰ 'ਚ ਜਗਾਉਣਾ ਹੈ ।

ਇਕੋ ਜਿਹਾ ਵੰਡਦਾ, ਪਿਆਰ ਭਗਵਾਨ ਵੇ,
ਸੱਖਣਾ ਜੋ ਪਿਆਰ ਤੋਂ, ਉਹ ਮੋਇਆਂ ਦੇ ਸਮਾਨ ਵੇ,
ਪਿਆਰ ਸਾਡੇ ਸਾਰਿਆਂ ਲਈ ਸੁੱਖਾਂ ਵਾਲੀ ਖਾਨ ਵੇ,
ਪਿਆਰ ਪਾ ਕੇ ਅਸੀਂ ਉਹਨੂੰ, ਤੋੜ ਵੀ ਨਿਭਾਉਣਾ ਹੈ ।
ਪਿਆਰ ਵਾਲਾ ਦੀਵਾ................................

ਉੱਚਾ-ਸੁੱਚਾ ਰੱਖਣਾ ਮੈਂ ਚਾਹੁੰਦੀ ਕਿਰਦਾਰ ਹਾਂ,
ਪੜ੍ਹੀ-ਲਿਖੀ, ਸੋਹਣੀ ਤੇ ਸੁਚੱਜੀ ਮੁਟਿਆਰ ਹਾਂ,
ਸਰੂ ਜਿਹੇ ਕੱਦ ਵਾਲਾ ਚਾਹੁੰਦੀ ਸਿਰਦਾਰ ਹਾਂ,
ਮਾਪਿਆਂ ਦੀ ਰਜ਼ਾ ਸੰਗ, ਵਿਆਹ ਕਰਵਾਉਣਾ ਹੈ ।
ਪਿਆਰ ਵਾਲਾ ਦੀਵਾ................................

ਆ ਰਲ-ਮਿਲ ਆਪਾਂ, ਪਿਆਰ ਵੇ ਨਿਭਾ ਲਈਏ,
ਪਿਆਰ ਵਾਲੀ ਧੂਣੀ, ਆਪਾਂ ਰਲ ਕੇ ਧੁਖਾ ਲਈਏ,
ਸਾਰੇ ਰੋਸਿਆਂ ਨੂੰ, ਗਲ਼ੇ ਮਿਲ ਕੇ ਮਿਟਾ ਲਈਏ,
ਨਫ਼ਰਤਾਂ ਨੂੰ ਜੱਗ ਵਿੱਚੋਂ, ਮਾਰ ਮੁਕਾਉਣਾ ਹੈ ।
ਪਿਆਰ ਵਾਲਾ ਦੀਵਾ................................

ਤੇਰੀ-ਮੇਰੀ ਲੱਗੀ ਨੂੰ, ਜ਼ਮਾਨਾ ਸਾਰਾ ਜਾਣਦਾ,
ਮੈਂ ਹਾਂ ਤੇਰੇ ਹਾਣ ਦੀ ਤੇ ਤੂੰ ਵੀ ਮੇਰੇ ਹਾਣ ਦਾ,
ਤੇਰੇ ਬਾਝੋਂ 'ਬੇਕਸ', ਕੋਈ ਵੀ ਨਾ ਪਛਾਣ ਦਾ,
ਅੰਗ-ਸੰਗ ਰਹਿ ਆਪਾਂ, ਪਿਆਰ ਵਧਾਉਣਾ ਹੈ ।
ਪਿਆਰ ਵਾਲਾ ਦੀਵਾ................................

# ਗੀਤ

ਲਹੂ ਸ਼ਹੀਦਾਂ ਦੇ ਨੇ, ਅਪਣਾ ਰੰਗ ਵਿਖਾ ਦਿੱਤਾ ।
ਅੰਗਰੇਜ਼ਾਂ ਮੰਨੀ ਹਾਰ ਤੇ ਆਖਿਰ ਸੀਸ ਝੁਕਾ ਦਿੱਤਾ ।

ਜਲ੍ਹਿਆਂਵਾਲੇ ਬਾਗ ਦਾ ਸਾਕਾ, ਦਿਲ ਦਹਿਲਾਉਂਦਾ ਹੈ,
ਅਮਰ ਸ਼ਹੀਦਾਂ ਦੀ ਉਹ ਅੱਜ ਵੀ ਗਾਥਾ ਗਾਉਂਦਾ ਹੈ,
ਡਾਇਰ ਨੂੰ ਊਧਮ ਸਿੰਘ ਨੇ, ਗੋਲੀ ਨਾਲ ਉਡਾ ਦਿੱਤਾ ।
ਲਹੂ ਸ਼ਹੀਦਾਂ ਦੇ ਨੇ.......................................

ਜਾਓ ਫਰੰਗੀਓ ਏਥੋਂ, ਗਾਂਧੀ ਜਿੱਦ ਤੇ ਅੜ ਗਿਆ ਸੀ,
ਭਾਰਤ ਦਾ ਬੱਚਾ ਬੱਚਾ ਉਹਦੇ ਨਾਲ ਜਾ ਖੜ੍ਹ ਗਿਆ ਸੀ,
ਜ਼ੁਲਮੀ ਰਾਜ ਨੂੰ ਭਾਰਤੀਆਂ ਨੇ ਜੜ੍ਹੋਂ ਹਿਲਾ ਦਿੱਤਾ ।
ਲਹੂ ਸ਼ਹੀਦਾਂ ਦੇ ਨੇ.......................................

ਚਾਬੀਆਂ ਵਾਲਾ ਮੋਰਚਾ, ਸਿੱਖਾਂ ਜੈਤੋ ਲਾਇਆ ਸੀ,
ਜਿੱਤਣ ਉੱਤੇ ਦੇਣ ਵਧਾਈ, ਗਾਂਧੀ ਆਇਆ ਸੀ,
ਵੰਦੇ-ਮਾਤਰਮ ਨਾਹਰਾ ਸਭ ਨੇ ਖੂਬ ਲਗਾ ਦਿੱਤਾ ।
ਲਹੂ ਸ਼ਹੀਦਾਂ ਦੇ ਨੇ.......................................

'ਭਗਤ-ਸਰਾਭੇ' ਜਿੰਦਾਂ ਦੇਸ਼ ਲਈ ਲਾਈਆਂ ਸਨ,
'ਸੁਭਾਸ਼-ਆਜ਼ਾਦ' ਜਿਹੇ ਵੀਰਾਂ, ਲਾ ਕੇ ਤੋੜ ਨਿਭਾਈਆਂ ਸਨ,
ਤਿਰੰਗਾ ਲਾਲ ਕਿਲ੍ਹੇ 'ਤੇ, 'ਬੇਕਸ' ਸੀ ਲਹਿਰਾ ਦਿੱਤਾ ।
ਲਹੂ ਸ਼ਹੀਦਾਂ ਦੇ ਨੇ, ਅਪਣਾ ਰੰਗ ਵਿਖਾ ਦਿੱਤਾ ।
ਅੰਗਰੇਜ਼ਾਂ ਮੰਨੀ ਹਾਰ ਤੇ ਆਖਿਰ ਸੀਸ ਝੁਕਾ ਦਿੱਤਾ ।

# ਗੀਤ

ਭਾਰਤ ਮਾਂ ਦੇ ਚਰਨਾਂ ਉੱਤੇ ਸੀਸ ਨਿਵਾਉਣਾ ਹੈ ।
ਅਮਨ ਦਾ ਨਾਹਰਾ ਮਿਲ ਕੇ, ਸਭ ਨੇ ਲਾਉਣਾ ਹੈ ।

ਆਜ਼ਾਦੀ ਲਈ ਜੰਗ ਅਨੋਖੀ, ਲੜੀ ਹੈ ਆਪਾਂ ਨੇ,
ਖੁਸ਼ਹਾਲੀ ਲਈ ਮਿਹਨਤ ਦੀ ਰਾਹ, ਫੜੀ ਹੈ ਆਪਾਂ ਨੇ,
ਭਾਰਤ ਦਾ ਮਿਲ ਜੁਲ ਕੇ, ਆਪਾਂ ਮਾਣ ਵਧਾਉਣਾ ਹੈ ।
ਭਾਰਤ ਮਾਂ ਦੇ ਚਰਨਾਂ ਉੱਤੇ............................

ਭਾਰਤ ਅਮਨ ਪੁਜਾਰੀ, ਸਾਰੀ ਦੁਨੀਆਂ ਜਾਣਦੀ ਏ,
ਅੱਜ ਲੋੜ ਹਰ ਇੱਕ ਨੂੰ, ਆਪਣਾ ਮੀਤ ਬਨਾਣ ਦੀ ਏ,
ਕੁੱਲ ਸੰਸਾਰ ਨੂੰ ਆਪਾਂ, ਅਮਨ ਦੀ ਲੀਹੇ ਪਾਉਣਾ ਹੈ ।
ਭਾਰਤ ਮਾਂ ਦੇ ਚਰਨਾਂ ਉੱਤੇ............................

ਦੁਸ਼ਮਣ ਜਦ ਵੀ ਚੜ੍ਹ ਕੇ, ਸਾਡੇ ਦੇਸ਼ 'ਤੇ ਆਉਂਦਾ ਹੈ,
ਉਸੇ ਦੀ ਭਾਸ਼ਾ ਵਿੱਚ, ਭਾਰਤ ਸਬਕ ਸਿਖਾਉਂਦਾ ਹੈ,
ਅਸਾਂ ਨਾ ਡਰਨਾ ਹੈ, ਨਾ ਹੋਰਾਂ ਨੂੰ ਡਰਾਉਣਾ ਹੈ ।
ਭਾਰਤ ਮਾਂ ਦੇ ਚਰਨਾਂ ਉੱਤੇ............................

ਭਾਰਤ ਮੁੱਢੋਂ ਅਮਨ ਦਾ ਨਾਹਰਾ ਲਾਉਂਦਾ ਆਇਆ ਹੈ,
ਅਮਨ ਦੇ ਗੀਤ ਹੀ ਦੁਨੀਆਂ ਅੰਦਰ ਗਾਉਂਦਾ ਆਇਆ ਹੈ,
ਅੱਖਾਂ ਖੋਲ੍ਹ ਕੇ 'ਬੇਕਸ', ਦੂਤੀ ਨੂੰ ਸਮਝਾਉਣਾ ਹੈ ।
ਭਾਰਤ ਮਾਂ ਦੇ ਚਰਨਾਂ ਉੱਤੇ ਸੀਸ ਨਿਵਾਉਣਾ ਹੈ ।
ਅਮਨ ਦਾ ਨਾਹਰਾ ਮਿਲ ਕੇ, ਸਭ ਨੇ ਲਾਉਣਾ ਹੈ ।

ਜਲੰਧਰ ਦੂਰਦਰਸ਼ਨ

# ਗੀਤ

ਸਾਉਣ ਦੇ ਮਹੀਨੇ ਵਿੱਚ, ਕਿੰਝ ਸਹਾਂ ਦੂਰੀਆਂ ।
ਆ ਮਿਲ ਰਾਂਝਣਾ, ਵੇ ਕਰ ਰੀਝਾਂ ਪੂਰੀਆਂ ।

ਮਾਹੀ ਘਰ ਆਵੇ ਕਰਾਂ, ਰੱਜ ਕੇ ਸ਼ਿੰਗਾਰ ਮੈਂ,
ਸੂਟ ਪਾਵਾਂ ਰੰਗਲਾ ਤੇ ਜੁੱਤੀ ਤਿੱਲੇਦਾਰ ਮੈਂ,
ਸੱਸ ਭਾਵੇਂ ਵੱਟਦੀ ਹੀ ਰਹੇ ਮੈਨੂੰ ਘੂਰੀਆਂ ।
ਆ ਮਿਲ ਰਾਂਝਣਾ............................

ਤ੍ਰਿੰਝਣਾਂ ਦੇ ਵਿੱਚ ਜਾ ਕੇ, ਚਰਖਾ ਮੈਂ ਡਾਹ ਲਵਾਂ,
ਸਾਵਣ ਦੀ ਰੁੱਤ ਵਿੱਚ, ਹੱਸ, ਖੇਡ, ਗਾ ਲਵਾਂ,
ਰਹਿ ਨਾ ਜਾਣ ਦਿਲ ਦੀਆਂ ਸੱਧਰਾਂ ਅਧੂਰੀਆਂ ।
ਆ ਮਿਲ ਰਾਂਝਣਾ............................

ਬਿਰਹੋਂ ਦਾ ਰੋਗ ਮੇਰੀ, ਜਿੰਦ ਜਾਵੇ ਛੱਲਦਾ,
ਚੰਨਾ ਨਾ ਤੂੰ ਆਉਣ ਦਾ, ਸੁਨੇਹਾ ਕੋਈ ਘੱਲਦਾ,
ਕਾਵਾਂ ਨੂੰ ਵੀ ਕੁੱਟ-ਕੁੱਟ, ਪਾਉਂਦੀ ਹਾਂ ਮੈਂ ਚੂਰੀਆਂ ।
ਆ ਮਿਲ ਰਾਂਝਣਾ............................

ਮਾਹੀ ਘਰ ਆਇਐ ਲੱਖਾਂ ਸ਼ਗਨ ਮਨਾਵਾਂਗੀ,
'ਬੇਕਸ' ਨੂੰ ਚਾਵਾਂ ਨਾਲ ਚੂਰੀ ਮੈਂ ਖੁਆਵਾਂਗੀ,
ਜਿੰਦ-ਜਾਨ ਵਾਰੂੰ, ਨਾਲੇ ਕਰੂੰ ਜੀ-ਹਜ਼ੂਰੀਆਂ ।
ਸਾਉਣ ਦੇ ਮਹੀਨੇ ਵਿੱਚ ਮਿਟ ਗਈਆਂ ਦੂਰੀਆਂ ।

# ਗੀਤ

ਰੱਬ ਦੀ ਸਹੁੰ, ਰੱਬ ਵਰਗਾ, ਹੀ ਨਜ਼ਾਰਾ ਬਾਪ ਦਾ ।
ਇਹ ਵੀ ਸੱਚ ਹੈ, ਹੈ ਸੀ ਉਹ, ਅੱਖੀਆਂ ਦਾ ਤਾਰਾ ਬਾਪ ਦਾ ।

ਭੈਣਾਂ ਤੇ ਭਾਈਆਂ ਦਾ ਉਹ, ਸਾਂਝਾ ਤੇ ਵੱਡਾ ਵੀਰ ਸੀ,
ਮੁਸ਼ਕਿਲਾਂ ਦੇ ਵਿੱਚ ਸਦਾ ਹੀ, ਰੱਖਦਾ ਉਹ ਧੀਰ ਸੀ,
ਚਾਰੇ-ਪਾਸੇ ਫੈਲਿਆ, ਹੈ ਸੀ ਪਸਾਰਾ ਬਾਪ ਦਾ ।
ਰੱਬ ਦੀ ਸਹੁੰ, ਰੱਬ ਵਰਗਾ.........................

ਉਸ 'ਤੇ ਸਾਨੂੰ ਮਾਣ ਹੈ, ਉਹ ਸਾਡੀ ਕੁੱਲ ਦੀ ਸ਼ਾਨ ਸੀ,
ਦਿਲ ਦੀ ਗੱਲ ਜੇ ਸੱਚ ਕਹਾਂ, ਉਹ ਮੇਰੇ ਲਈ ਭਗਵਾਨ ਸੀ,
ਮਹਿਸੂਸ ਅੱਜ ਵੀ ਕਰ ਰਿਹਾਂ, ਉਹੀ ਨਜ਼ਾਰਾ ਬਾਪ ਦਾ ।
ਰੱਬ ਦੀ ਸਹੁੰ, ਰੱਬ ਵਰਗਾ.........................

ਧੀਆਂ ਵੀ ਉਸ ਨੇ ਤੋਰੀਆਂ, ਜਿਨ੍ਹਾਂ 'ਤੇ ਕਰਦਾ ਨਾਜ਼ ਸੀ,
ਗਹਿਣਾ ਪਾ ਕੇ ਵਿਦਿਆ ਦਾ, ਉਸ ਹੱਥੀਂ ਕੀਤੇ ਕਾਜ ਸੀ,
ਦੋ ਹੀ ਵਾਰੀ ਤੱਕਿਆ, ਮੈਂ ਹੰਝੂ ਖਾਰਾ ਬਾਪ ਦਾ ।
ਰੱਬ ਦੀ ਸਹੁੰ, ਰੱਬ ਵਰਗਾ.........................

ਉਹ ਅਦੀਬਾਂ ਦਾ ਸਦਾ, ਕਰਦਾ ਰਿਹਾ ਸਤਿਕਾਰ ਸੀ,
ਮਾਓ-ਲੈਨਿਨ-ਮਾਰਕਸ ਨੂੰ, ਕਰਦਾ ਬੇਹੱਦ ਪਿਆਰ ਸੀ,
ਅੱਜ ਵੀ ਸ਼ਾਹਦੀ ਭਰ ਰਿਹਾ, ਪੁਸਤਕ-ਭੰਡਾਰਾ ਬਾਪ ਦਾ ।
ਰੱਬ ਦੀ ਸਹੁੰ, ਰੱਬ ਵਰਗਾ.........................

ਸਾਡੀ ਖ਼ਾਤਿਰ ਓਹ ਮਸੀਹਾ, ਹਰ ਤਸੀਹਾ ਜਰ ਗਿਆ,
ਮਿਹਨਤਾਂ ਕਰਕੇ ਉਹ ਸਾਨੂੰ, ਜੀਊਣ-ਜੋਗਾ ਕਰ ਗਿਆ,
ਲੱਭਿਆਂ ਨਈ੍ਹੀਂ ਲੱਭਦਾ ਹੁਣ, 'ਬੇਕਸ' ਸਹਾਰਾ ਬਾਪ ਦਾ ।
ਰੱਬ ਦੀ ਸਹੁੰ, ਰੱਬ ਵਰਗਾ.........................

# ਗੀਤ

ਦਿਲਵਾਲੇ ਦਿਲਦਾਰ ਪੰਜਾਬੀ ।
ਮਾਣਮੱਤੇ ਕਿਰਦਾਰ ਪੰਜਾਬੀ ।
ਹੱਦਾਂ-ਸਰਹੱਦਾਂ ਦੇ ਰਾਖੇ,
ਦੇਸ਼ ਦੇ ਪਹਿਰੇਦਾਰ ਪੰਜਾਬੀ ।

ਫੁੱਲਾਂ ਵਰਗਾ ਦਿਲ ਰੱਖਦੇ ਨੇ,
ਹੱਕ ਸੱਚ ਦਾ ਹੀ ਚੱਖਦੇ ਨੇ,
ਮਾਨਵਤਾ ਦੇ ਯਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

ਬਾਬਰ ਤੁਰਿਆ ਤੇ ਔਰੰਗਾ,
ਵੇਖੀਂ ਕਿਧਰੇ ਲਵੀਂ ਨਾ ਪੰਗਾ,
ਫੁੱਲ ਨਹੀਂ ਅੰਗਿਆਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

ਕਿਰਤੀ ਅੰਨ ਉਗਾਵਣ ਵਾਲੇ,
ਵੈਰੀ ਮਾਰ ਭਜਾਵਣ ਵਾਲੇ,
ਸਿਰੜੀ ਨੇ ਸਿਰਦਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

ਸਦੀਆਂ ਤੋਂ ਅਜ਼ਮਾਏ ਗਏ ਨੇ,
ਪਰ ਨਾ ਇਹ ਮੁਕਾਏ ਗਏ ਨੇ,
ਕਦੇ ਨਾ ਮੰਨਦੇ ਹਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

ਨੂਰੀ ਮੁੱਖ ਨੇ ਟੌਹਰ ਨਵਾਬੀ,
ਬੇਸ਼ੱਕ ਥੋੜ੍ਹੀ ਹੈ ਆਬਾਦੀ,
ਜੱਗ ਦਾ ਨੇ ਸ਼ਿੰਗਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

ਨਈਂ ਪੰਜਾਬੀਆਂ ਦਾ ਕੋਈ ਸਾਨੀ,
ਦੇਸ਼ ਦੀ ਹੋਣ ਨਾ ਦੇਵਣ ਹਾਨੀ,
ਵੈਰੀ ਲਈ ਤਲਵਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

'ਬੇਕਸ' ਸਿਰ ਤੇ ਹੱਥ ਗੁਰਾਂ ਦਾ,
ਰੱਖਦੇ ਪੂਰਾ ਗਿਆਨ ਸੁਰਾਂ ਦਾ,
ਸਿਰ-ਕੱਢਵੇਂ ਫਨਕਾਰ ਪੰਜਾਬੀ ।
ਦੇਸ਼ ਦੇ ਪਹਿਰੇਦਾਰ...........

## ਟੱਪੇ

- ਵੱਖ ਲੇਖਾਂ ਨੇ ਕੀਤਾ ਈ ।
ਮਾਹੀ ਪ੍ਰਦੇਸ ਗਿਆ,
ਘੁੱਟ ਸਬਰਾਂ ਦਾ ਪੀਤਾ ਈ ।

- ਰੱਬ ਮੀਂਹ ਪਿਆ ਪਾਉਂਦਾ ਏ ।
ਉੱਤੋਂ ਇਹ ਸਾਵਣ ਚੰਦਰਾ,
ਅੱਗ ਸੀਨੇ ਲਾਉਂਦਾ ਏ ।

- ਆ ਸ਼ਗਨ ਮਨਾ ਲਈਏ ।
ਹਾਣੀ ਅਸੀਂ ਹਾਂ ਦੋਵੇਂ,
ਰਲ ਪੀਂਘ ਚੜ੍ਹਾ ਲਈਏ ।

- ਇੰਝ ਪ੍ਰੀਤ ਨਿਭਾਉਂਦੇ ਹਾਂ ।
ਅਜ਼ਲਾਂ ਤੋਂ ਹੀ ਚੰਨੀਏ,
ਤੇਰਾ ਨਾਮ ਧਿਆਉਂਦੇ ਹਾਂ ।

- ਬੈਠੀ ਜਦ ਸੈਂ ਤੂੰ ਖਾਰੇ ।
ਦਿਲ ਮੇਰਾ ਤੋੜ ਦਿੱਤਾ,
ਜੀਊਂਦੀ ਰਹਿ ਤੂੰ ਮੁਟਿਆਰੇ ।

- ਤੇਰੀ ਖ਼ਾਤਿਰ ਜੀਊਂਦੇ ਹਾਂ ।
ਤਿਲ-ਤਿਲ ਮਰ ਕੇ ਵੀ,
ਪਏ ਪ੍ਰੀਤ ਨਿਭਾਉਂਦੇ ਹਾਂ ।

- ਰੁੱਤ ਸਾਉਣ ਦੀ ਆਈ ਏ ।
ਲੱਗਣ ਹਵਾਵਾਂ ਠੰਡੀਆਂ,
ਨਾਲੇ ਮਸਤੀ ਵੀ ਛਾਈ ਏ ।

- ਛੱਡ ਲਾਮਾਂ ਨੂੰ ਆ ਮਾਹੀਆ ।
ਚੂੜਾ ਪਾਵਾਂ ਮੈਂ ਰੰਗਲਾ,
ਮੈਨੂੰ ਅੰਤਾਂ ਦਾ ਚਾਅ ਮਾਹੀਆ ।

- ਇੰਝ ਪ੍ਰੀਤ ਨਿਭਾਉਂਦੇ ਹਾਂ ।
ਲੋਕਾਂ ਸਾਹਵੇਂ ਹੱਸੀਏ ਨੀਂ,
ਬਹਿ 'ਕੱਲਿਆਂ ਰੋਂਦੇ ਹਾਂ ।

- ਤੂੰ ਇਹ ਚੰਗਾ ਨਾ ਕੀਤਾ ਈ ।
ਦਿਲ ਦੀਆਂ ਸੱਧਰਾਂ ਨੂੰ,
ਕੀਤਾ ਫੀਤਾ-ਫੀਤਾ ਈ ।

- ਤੇਰੀ ਖ਼ੈਰ ਮਨਾਉਂਦੇ ਹਾਂ ।
ਫ਼ੱਕਰਾਂ ਦੇ ਜੋ ਹੈ ਪੱਲੇ,
ਤੇਰੀ ਝੋਲੀ ਪਾਉਂਦੇ ਹਾਂ ।

- ਬਾਰੀ ਵਿੱਚ ਆ ਜਾਵੀਂ ।
ਗੱਲ ਭਾਵੇਂ ਨਾ ਤੂੰ ਕਰੀਂ,
ਪਰ ਸੈਨਤ ਪਾ ਜਾਵੀਂ ।

- ਲਾ ਗਈ ਸੈਂ ਤੂੰ ਲਾਰੇ ।
ਮੇਰੇ ਦਿਲ ਕੀ ਬੀਤੀ,
ਤੈਨੂੰ ਸਾਰ ਨਾ ਕੁਝ ਨਾਰੇ ।

- ਤੇਰੀ ਖ਼ਾਤਿਰ ਜੀਊਂਦੇ ਹਾਂ ।
ਤੇਰੇ ਦਿੱਤੇ ਜ਼ਖ਼ਮਾਂ ਨੂੰ,
ਰੋ ਰੋ ਕੇ ਸੀਊਂਦੇ ਹਾਂ ।

- ਦਿਲ ਧੜਕੇ ਤੇ 'ਹਾਂ' ਬੋਲੇ ।
ਵਾਅਦਾ ਤੇਰੇ ਆਉਣ ਦਾ ਏ,
ਉੱਤੋਂ ਕੋਠੇ 'ਤੇ ਕਾਂ ਬੋਲੇ ।

- ਆਇਆ ਸਾਉਣ ਤੂੰ ਆ ਮਾਹੀਆ ।
ਕੀਤਾ ਮੇਰੇ ਨਾਲ ਜੋ ਤੂੰ,
ਆ ਕੇ ਵਾਅਦਾ ਨਿਭਾਅ ਮਾਹੀਆ ।

- ਤੰਦ ਤੱਕਲੇ ਮੈਂ ਪਾਉਂਦੀ ਹਾਂ ।
ਚਰਖੇ ਦੀ ਘੂਕਰ ਸੰਗ,
ਤੇਰਾ ਨਾਮ ਧਿਆਉਂਦੀ ਹਾਂ ।

● ●